ਆਪਿ ਸਮੁੰਦੂ ਆਪ ਹੈ ਸਾਗਰੂ॥
(ਸ੍ਰੀ ਗੁਰੂ ਗ੍ਰੰਥ ਸਾਹਿਬ ੫੫੨)

ਭਾਈ ਸਮੁੰਦ ਸਿੰਘ ਜੀ
ਪ੍ਰਸਿੱਧ ਕੀਰਤਨੀਏ

# ਜੀਵਨ ਝਲਕਾਂ


ਪਰਮਜੋਤ ਸਿੰਘ
ਸਵੱਰ ਸਮੁੰਦ ਕੀਰਤਨ ਅਕੈਡਮੀ



ਨਿੱਤਨੇਮ ਸਹਿਜ ਪਾਠ ਦਾ ਵੀ ਕਰੀਏ ਜੀ

ਸੁਕ੍ਰਿਤ ਟਰੱਸਟ

**Bhai Samund Singh Ji**
**By**
**Paramjot Singh**
(91) 94171-16419, (91) 161-2878783
swarsamundgharana@gmail.com

© ਸਵੱਰ ਸਮੁੰਦ ਕੀਰਤਨ ਅਕੈਡਮੀ

**ਪਹਿਲੀ ਛਾਪ :** ਮਾਰਚ, 2010

ISBN : 978-81-909367-5-0

**ਭੇਟਾ :** ਸਜਿਲਦ - 80/- ਰੁਪਏ
ਪੇਪਰ ਬੈਕ - 50/- ਰੁਪਏ

**ਪ੍ਰਕਾਸ਼ਕ :**
**ਸੁਕ੍ਰਿਤ ਟਰੱਸਟ**
3454, ਫੇਸ-2, ਦੁੱਗਰੀ, ਲੁਧਿਆਣਾ (ਪੰਜਾਬ, ਭਾਰਤ)
(+91) 98554-00300, (+91) 98556-12005
sukrittrust@gmail.com, www.sukrit.org

**ਪ੍ਰਿੰਟਰ : ਪ੍ਰਿੰਟਵੈਲ,** ਅੰਮ੍ਰਿਤਸਰ



## ਤਤਕਰਾ

| ਵੇਰਵਾ | ਪੰਨਾ |
|---|---|
| 1. ਦੋ ਸ਼ਬਦ | 4 |
| 2. ਸੰਪਾਦਕੀ | 6 |
| 3. ਜੀਵਨ ਬਿਰਤਾਂਤ | 13 |
| 4. ਗਾਇਨ ਸ਼ੈਲੀ | 22 |
| 5. ਗੁਰੂ ਘਰ ਦੇ ਸਮਕਾਲੀ ਰਾਗੀਆਂ ਦੀ ਕਤਾਰ ਵਿੱਚ | 29 |
| 6. ਰੂਹਾਨੀ ਸਫਰ ਦੇ ਮੁਸਾਫਿਰ | 35 |
| 7. ਕੀਰਤਨ ਸਮਰਾਟ | 43 |
| 8. ਨਿੱਜੀ ਅਨੁਭਵ | 48 |
| 9. ਅਨੋਖੀਆਂ ਯਾਦਾਂ ਦੇ ਮੁਜੱਸਮੇਂ | 56 |
| 10. ਅੰਤਿਮ ਦਰਸ਼ਨ | 69 |
| 11. ਭਾਈ ਸਾਹਿਬ ਸੰਬੰਧੀ ਵੱਖ-ਵੱਖ ਵਿਚਾਰ ਅਨੁਭਵ | 74 |
| 12. ਅੰਤਿਕਾ | 79 |
| 13. ਜੋਦੜੀ | 80 |

# ਦੋ ਸ਼ਬਦ

ਮਹਾਪੁਰਖਾਂ ਦੀਆਂ ਜੀਵਨੀਆਂ ਸਾਨੂੰ ਹੋਰ ਚੰਗੇਰਾ, ਹੋਰ ਚੰਗੇਰਾ ਬਨਣ ਦੀ ਪ੍ਰੇਰਣਾ ਦਿੰਦੀਆਂ ਹਨ। ਰੰਗ ਰਤੀਆਂ ਰੂਹਾਂ ਬਾਰੇ ਪੜ੍ਹਦਿਆਂ ਮਨ ਵਿਚ ਪ੍ਰਭੂ ਪ੍ਰੇਮ ਤੇ ਸਮਾਜ ਸੇਵਾ ਦਾ ਉਮਾਹਾ ਤੇ ਚਾਅ ਪੈਦਾ ਹੁੰਦਾ ਹੈ।

ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਬਾਰੇ ਇਹ ਪੁਸਤਕ, ਟਕਸਾਲੀ, ਪਰੰਪਰਾਵਾਦੀ ਤੇ ਸੱਚੇ-ਸੁੱਚੇ ਜੀਵਨ ਵਾਲੇ ਕੀਰਤਨੀਏ ਦੀਆਂ ਰਮਜਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਜਿਸ ਤੋਂ ਹਰ ਕੀਰਤਨ ਪ੍ਰੇਮੀ, ਵਿਦਿਆਰਥੀ ਤੇ ਸਿੱਖਿਆਰਥੀ ਪ੍ਰੇਰਨਾ ਲੈ ਕੇ ਇਸ ਗਾਇਨ ਸ਼ੈਲੀ ਦੇ ਅੰਗ ਅਪਣਾਅ ਸਕਦੇ ਹਨ। ਭਾਈ ਸਾਹਿਬ ਜੀ ਦੀ ਗਾਇਨ ਸ਼ੈਲੀ ਦੀ ਪਾਰਸ ਕਥਾ ਜਦੋਂ ਸੰਗਤਾਂ ਤੇ ਪ੍ਰਗਟਦੀ ਤਾਂ ਸਮੁਚਾ ਵਾਤਾਵਰਣ ਮਨੂਰੋਂ ਕੰਚਨ ਤੇ ਸੁਕਿਉਂ ਹਰਾ ਹੋ ਜਾਂਦਾ।

ਅਜੋਕੇ ਸਮੇਂ ਵਿਚ ਜਦੋਂ ਗੁਰੂ-ਸ਼ਿਸ਼ ਪਰੰਪਰਾ ਅਲੋਪ ਹੁੰਦੀ ਜਾ ਰਹੀ ਹੈ, ਉਦੋਂ ਪ੍ਰੋ: ਪਰਮਜੋਤ ਸਿੰਘ ਭਾਈ ਸਾਹਿਬ ਦੀ ਗਾਇਕੀ ਨੂੰ ਸੁਹਿਰਦ-ਸ਼ਾਗਿਰਦ ਵਜੋਂ ਪ੍ਰਚਾਰ ਰਹੇ ਹਨ। ਉਹ ਭਾਈ ਸਾਹਿਬ ਦੀ ਗਾਇਕੀ ਦੇ ਅਸਲ ਵਾਰਸ ਹਨ। ਉਨ੍ਹਾਂ ਨੇ ਜੋ ਭਾਈ ਸਾਹਿਬ ਦੇ ਚਰਨਾਂ ਵਿਖੇ ਬੈਠ ਕੇ ਉਨ੍ਹਾਂ ਦੀ ਗਾਇਨ ਸ਼ੈਲੀ ਦੀਆਂ ਬਰੀਕੀਆਂ ਨੂੰ ਆਪਣੇ ਜ਼ਿਹਨ ਵਿਚ ਬਿਠਾਇਆ ਹੈ, ਉਹ **ਸਵੱਰ ਸਮੁੰਦ ਸੁਕ੍ਰਿਤ ਅਕੈਡਮੀ** ਰਾਹੀਂ ਨਿਸ਼ਕਾਮ ਰੂਪ ਵਿੱਚ ਭੈ-ਭਾਵਨੀ ਸਮੇਤ ਕੀਰਤਨ ਅਭਿਲਾਖੀਆਂ ਵਿਚ ਸੁਰਜੀਤ ਕਰ ਰਹੇ ਹਨ। ਸ਼ਾਗਿਰਦ ਦੇ ਜੀਵਨ ਵਿਚ ਆਪਣੇ ਉਸਤਾਦ ਦਾ ਝਲਕਾਰਾ ਸਾਫ ਵਿਖਾਈ ਦਿੰਦਾ ਹੈ।

ਪ੍ਰੋਫੈਸਰ ਸਾਹਿਬ ਵਿਚ ਨਿਮਰਤਾ, ਤਿਆਗ ਤੇ ਸਿਦਕ ਆਪਣੇ ਉਸਤਾਦ ਰਾਹੀਂ ਵਿਰਸੇ ਵਿਚ ਪ੍ਰਾਪਤ ਹੋਇਆ ਪ੍ਰਤੀਤ ਹੁੰਦਾ ਹੈ। ਉਹ ਗੁਰਮਤਿ ਸੰਗੀਤ ਦੇ ਅਮੋਲਕ ਖ਼ਜ਼ਾਨੇ ਨੂੰ ਨਿਰਸੁਆਰਥ ਰੂਪ ਵਿੱਚ, ਰੱਬੀ ਰਹਿਮਤਾਂ ਨਾਲ ਭਰਪੂਰ ਹੋ ਕੇ, ਸੁਕ੍ਰਿਤ ਟਰੱਸਟ ਰਾਹੀਂ ਪ੍ਰਵਾਹਿਤ ਕਰ ਰਹੇ ਹਨ। ਇਸ ਕਾਰਜ ਨੂੰ ਕਰਨ ਲਈ ਮੁੱਲਾਂਪੁਰ ਵਿਖੇ ਆਧੁਨਿਕ ਸੁਖ ਸਹੂਲਤਾਂ ਨਾਲ ਲੈਸ ਲਾਇਬਰੇਰੀ, ਪੁਸਤਕਾਂ, ਕੈਸਟ ਤੇ ਸੀ.ਡੀਜ਼,



ਉਪਲਬਧ ਹੈ, ਜਿਥੋਂ ਟਕਸਾਲੀ ਪਰੰਪਰਾਵਾਦੀ ਕੀਰਤਨ ਨਾਲ ਭਰਪੂਰ ਹਰ ਤਰ੍ਹਾਂ ਦੀ ਸਮੱਗਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਹ ਪੁਸਤਕ ਹਰ ਅਜਿਹੇ ਵੀਰ/ਭੈਣ ਨੂੰ ਰਹਿਨੁਮਾਈ ਦੇਵੇਗੀ, ਜਿਸਨੇ ਸ਼ਬਦ ਕੀਰਤਨ ਨੂੰ ਆਪਣੇ ਜੀਵਨ ਦਾ ਆਧਾਰ ਤੇ ਮੰਜ਼ਿਲ ਬਣਾਉਣਾ ਹੈ। ਭਾਈ ਸਮੁੰਦ ਸਿੰਘ ਜੀ ਦਾ ਜੀਵਨ ਹੁਣ ਯੂਨੀਵਰਸਿਟੀ ਤੇ ਬੋਰਡ ਰਾਹੀਂ ਸਿਲੇਬਸ ਦਾ ਅੰਗ ਵੀ ਬਣ ਗਿਆ ਹੈ, ਇਸ ਲਈ ਵਿਦਿਆਰਥੀਆਂ ਲਈ ਵੀ ਇਹ ਇੱਕ ਸ੍ਰੋਤ ਅਤੇ ਜਾਣਕਾਰੀ ਗ੍ਰਹਿਣ ਕਰਨ ਵਜੋਂ ਸਹਿਯੋਗ ਹੋਵੇਗੀ।

ਅੰਗ ਸੰਗੇ ਅਕਾਲਪੁਰਖ ਦੇ ਚਰਨਾਂ ਵਿੱਚ ਬਿਨੈ ਹੈ ਕਿ ਆਪ ਜੀ ਨੂੰ ਦੀਰਘ ਆਰਜਾ, ਦੇਹ ਅਰੋਗਤਾ ਤੇ ਦਿਬ ਦ੍ਰਿਸ਼ਟਿ ਨਾਲ ਨਦਰੀ ਨਦਰਿ ਨਿਹਾਲ ਨਿਹਾਲ ਨਿਹਾਲ ਕੀਤੀ ਰੱਖਣ। ਹਥਲੀ ਪੁਸਤਕ ਪੜ੍ਹ ਕੇ ਫਿਰ ਫਿਰ ਪੜ੍ਹਨ ਨੂੰ ਜੀਅ ਕਰਦੈ, ਅੰਦਰੋਂ ਉਤਸ਼ਾਹ ਦੇ ਹੁਲਾਰੇ ਪੈਂਦੇ ਹਨ। ਭਾਈ ਸਮੁੰਦ ਸਿੰਘ ਜੀ ਦਾ ਜੀਵਨ ਸਮੁੰਦ ਸਾਗਰ ਵਾਂਗ ਗਹਿਰ ਵੀ ਹੈ ਤੇ ਗੰਭੀਰ ਵੀ। ਅੱਜ ਦੇ ਕੀਰਤਨੀ ਵੀਰਾਂ/ਭੈਣਾਂ ਨੂੰ ਇਹ ਜੀਵਨੀ ਪੜ੍ਹਨੀ , ਵੀਚਾਰਨੀ ਤੇ ਕਮਾਉਣੀ ਚਾਹੀਦੀ ਹੈ।

ਸੁਕ੍ਰਿਤ ਟਰੱਸਟ ਦਾ ਉਪਰਾਲਾ ਹੈ ਕਿ ਲਾਗਤ ਮਾਤਰ ਮੁੱਲ ਤੇ ਇਹ ਪੁਸਤਕਾਂ ਘਰ-ਘਰ ਪਹੁੰਚਾਈਆਂ ਜਾ ਸਕਣ। ਆਪ ਜੀ ਜਦ ਵੀ ਸੁਕ੍ਰਿਤ ਵੱਲੋਂ ਪ੍ਰਕਾਸ਼ਿਤ ਜਾਂ ਤਿਆਰ ਕੀਤਾ ਸਮਾਨ ਖਰੀਦਦੇ ਹੋ ਤਾਂ ਆਪ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਸਹਾਈ ਹੋ ਰਹੇ ਹੁੰਦੇ ਹੋ। ਸਾਡੀਆਂ ਭੁਲਾਂ ਖਿਮਾਂ ਕਰਨੀਆਂ, ਸੁਧਾਰ ਕਰਵਾਉਣੀਆਂ ਤੇ ਵਡਮੁੱਲੇ ਸੁਝਾਵਾਂ ਰਾਹੀਂ ਨਵੇਂ ਰਾਹਾਂ ਦੀ ਅਗਵਾਈ ਕਰਨਾ ਜੀਓ।

ਫਰਵਰੀ 20, 2010

**ਜਸਵਿੰਦਰ ਸਿੰਘ ਖਾਲਸਾ**
ਮਾਨਚੈਸਟਰ, ਯੂ.ਕੇ.

## ਸੰਪਾਦਕੀ

ਮੈਨੂੰ ਯਾਦ ਹੈ ਉਦੋਂ ਪੰਜ-ਸੱਤ, ਕੁ ਸਾਲ ਦਾ ਹੀ ਹੋਵਾਂਗਾ, ਜਦੋਂ ਮੈਂ ਆਪਣੇ ਪਿਤਾ ਗਿਆਨੀ ਇੰਦਰ ਸਿੰਘ ਜੀ ਦੀ ਗੋਦੀ ਵਿੱਚ ਬੈਠ ਕੇ ਕੀਰਤਨ ਸੁਣਿਆਂ ਕਰਦਾ ਸੀ। ਕੀਰਤਨ ਸੁਣ ਕੇ ਬਹੁਤ ਰਸ ਆਉਂਦਾ ਤੇ ਮੈਂ ਲੋਰ ਵਿੱਚ ਆ ਕੇ ਸਿਰ ਹਿਲਾਉਂਦਾ। ਮੈਨੂੰ ਉਦੋਂ ਕੀਰਤਨ ਦੀ ਮਹੱਤਤਾ, ਗੁਰਬਾਣੀ ਦੇ ਅਰਥ-ਭਾਵ, ਰਾਗ ਦਾ ਗਿਆਨ ਕੁਝ ਵੀ ਤਾਂ ਸਮਝ ਨਹੀਂ ਸੀ ਆਉਂਦਾ, ਪਰ ਸੰਗੀਤ ਦਾ ਰਸ ਜਰੂਰ ਮਾਣਦਾ। ਫਿਰ ਕਦੀ-ਕਦੀ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਤਬਲੇ 'ਤੇ ਥਾਪ ਦਿੰਦਾ।

ਪਿਤਾ ਜੀ ਅਕਸਰ ਮੇਰੇ ਮਾਤਾ ਜੀ ਨੂੰ ਕਹਿੰਦੇ, **"ਜੋਤ ਵਿੱਚ ਸੁਰ ਹੈ, ਤਾਲ ਹੈ, ਲੈਅ ਹੈ, ਮੇਰੀ ਇੱਛਾ ਹੈ ਕਿ ਇਹ ਵੱਡਾ ਹੋ ਕੇ ਗੁਰੂ ਦਾ ਕੀਰਤਨੀਆਂ ਬਣੇ।"** ਪਿਤਾ ਜੀ ਵੱਡੇ ਵੱਡੇ ਰਾਗੀਆਂ ਦੀ ਸੰਗਤ ਕਰਦੇ, ਮੈਂ ਅਕਸਰ ਉਹਨਾਂ ਦੀ ਗੋਦੀ ਵਿੱਚ ਬੈਠ ਕੇ ਰਾਗੀਆਂ ਦੀਆਂ ਬੰਦਸ਼ਾਂ, ਰੀਤਾਂ ਤੇ ਤਾਲਾਂ ਧਿਆਨ ਨਾਲ ਸੁਣਦਾ ਤੇ ਝੂਮ ਉੱਠਦਾ।

ਮੈਂ ਉਸ ਵੇਲੇ ਲੱਗਭੱਗ 8 ਸਾਲ ਦਾ ਸੀ। ਜਦੋਂ ਗੁਰਬਾਣੀ ਕੀਰਤਨ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ। ਮੁੱਢਲਾ ਮਾਹੌਲ ਮੈਨੂੰ ਵਿਰਸੇ ਵਿੱਚੋਂ ਮਿਲਿਆ। ਪਿਤਾ ਜੀ, ਜੋ ਤਰਨ ਤਾਰਨ ਟਕਸਾਲ ਦੇ ਪੰਡਿਤ ਨੱਥੂ ਰਾਮ ਜੀ ਦੇ ਸਿਖਿਆਰਥੀ ਰਹੇ ਸਨ, ਮੇਰੇ ਪਹਿਲੇ ਉਸਤਾਦ ਸਨ, ਜਿਨ੍ਹਾਂ ਸਦਕਾ ਮੇਰਾ ਝੁਕਾਅ ਗੁਰਬਾਣੀ ਕੀਰਤਨ ਵੱਲ ਵੱਧਦਾ ਗਿਆ।

ਕੀਰਤਨ ਪ੍ਰਤੀ ਲਗਨ ਤੇ ਸ਼ੌਕ ਨੂੰ ਦੇਖਦਿਆਂ ਪਿਤਾ ਜੀ ਨੇ ਮੈਨੂੰ ਮਾਸਟਰ ਦੇਸ ਰਾਜ ਜੀ ਕੋਲ ਨਿਯਮਤ ਰੂਪ ਵਿੱਚ ਸਿਖਲਾਈ ਲਈ ਭੇਜਣਾ ਸ਼ੁਰੂ ਕਰ ਦਿੱਤਾ। ਮਾਸਟਰ ਜੀ ਨੇ ਮੇਰੇ ਵਿੱਚ ਸ਼ਾਸਤ੍ਰੀ ਸੰਗੀਤ ਦਾ ਮੁੱਢ ਬੰਨ੍ਹਿਆ। ਮੈਂ ਉਹਨਾਂ ਤੋਂ ਸੰਗੀਤ ਸਿਖਦਿਆਂ ਉਨ੍ਹਾਂ ਦੇ ਘਰ ਹੀ ਕਈ ਸੰਗੀਤਕਾਰਾਂ ਦੇ ਸੰਪਰਕ



ਵਿੱਚ ਆਇਆ। ਹੌਲੀ-ਹੌਲੀ ਮੇਰੀ ਸ਼ਾਸਤ੍ਰੀ ਸੰਗੀਤ ਵਿੱਚ ਰੁਚੀ ਵੱਧਦੀ ਗਈ ਤੇ ਮੈਂ ਉਸਤਾਦ ਬਾਕਿਰ ਹੁਸੈਨ ਖਾਂ (ਪਟਿਆਲਾ ਘਰਾਣਾ), ਸੀਆ ਬਿਹਾਰੀ ਸ਼ਰਨ, ਸ੍ਰੀ ਮਦਨ ਲਾਲ ਬਾਲੀ ਤੇ ਹੋਰ ਕਈ ਸੰਗੀਤਕਾਰ ਜਿਨ੍ਹਾਂ ਤੋਂ ਕੁਝ ਨਾ ਕੁਝ ਹਾਸਿਲ ਕਰਨ ਜਾਂਦਾ ਰਿਹਾ, ਪਰ ਜਿਸ ਸਖਸ਼ੀਅਤ ਨੇ ਮੇਰੇ 'ਤੇ ਡੂੰਘਾ, ਪ੍ਰਭਾਵਸ਼ਾਲੀ ਤੇ ਅੰਤਿਮ ਪ੍ਰਭਾਵ ਪਾਇਆ ਉਹ ਸਨ, ਭਾਈ ਸਮੁੰਦ ਸਿੰਘ ਜੀ, ਉਨ੍ਹਾਂ ਵਿੱਚ ਗੁਰਬਾਣੀ ਤੇ ਸ਼ਾਸਤ੍ਰੀ ਗਾਇਨ ਦਾ ਸੁਮੇਲ ਸੀ। ਉਨ੍ਹਾਂ ਦੀ ਚੁੰਬਕੀ ਸਖਸ਼ੀਅਤ ਤੋਂ ਇੰਨਾਂ ਪ੍ਰਭਾਵਿਤ ਹੋਇਆ ਕਿ ਮੈਂ ਧੁਰ ਅੰਦਰੋਂ ਉਨ੍ਹਾਂ ਨੂੰ ਗੁਰਮਤਿ ਸੰਗੀਤ ਦਾ ਉਸਤਾਦ ਧਾਰਨ ਕਰ ਲਿਆ।

ਉਦੋਂ ਮਸਾਂ ਦਸਾਂ-ਬਾਰਾਂ ਵਰ੍ਹਿਆਂ ਦਾ ਹੋਵਾਂਗਾ ਜਦ ਤੋਂ ਮੈਂ ਗੁਰਮਤਿ ਰਾਗੀ ਸਭਾ ਲੁਧਿਆਣਾ ਦੇ ਸਲਾਨਾ ਸਮਾਗਮਾਂ 'ਤੇ ਜਾਣ ਲੱਗ ਪਿਆ। ਮੈਨੂੰ ਆਰੰਭ ਵਿੱਚ ਇੱਕ ਸ਼ਬਦ ਗਾਇਨ ਕਰਨ ਦਾ ਸਮਾਂ ਮਿਲਦਾ, ਪਰ ਭਾਈ ਸਾਹਿਬ ਦੁਆਰਾ ਗਾਇਨ ਕੀਤੇ ਸ਼ਬਦਾਂ ਨੂੰ ਸੁਣਨ ਲਈ ਦੇਰ ਰਾਤ ਤੱਕ ਸੰਗਤ ਵਿੱਚ ਬੈਠਾ ਉਡੀਕਦਾ ਰਹਿੰਦਾ। ਰੇਡਿਓ ਤੋਂ ਵੀ ਜਦੋਂ ਕਦੀ ਉਨ੍ਹਾਂ ਦਾ ਕੋਈ ਸ਼ਬਦ ਪ੍ਰਸਾਰਿਤ ਕੀਤਾ ਜਾਂਦਾ ਤਾਂ ਮੈਂ ਉਨ੍ਹਾਂ ਦੀ ਗਾਇਕੀ ਦੇ ਮਹੀਨ ਅੰਗਾਂ ਨੂੰ ਛੂਹਣ ਤੇ ਜ਼ਿਹਨ ਵਿੱਚ ਵਸਾਉਣ ਦੀ ਪੂਰੀ ਕੋਸ਼ਿਸ਼ ਕਰਦਾ ਤੇ ਫਿਰ ਉਨ੍ਹਾਂ ਦੀਆਂ ਰੀਤਾਂ ਦਾ ਬਾਰ-ਬਾਰ ਰਿਆਜ਼ ਕਰਨ ਉਪਰੰਤ ਕਈ ਸਮਾਗਮਾਂ ਵਿੱਚ ਸਟੇਜਾਂ 'ਤੇ ਦੁਹਰਾਉਂਦਾ। ਇਹ ਗੱਲ ਆਮ ਪ੍ਰਚਲਿਤ ਹੋ ਗਈ ਕਿ ਜੋਤ ਆਉਣ ਵਾਲੇ ਸਮੇਂ ਵਿੱਚ ਭਾਈ ਸਾਹਿਬ ਦੀ ਕੀਰਤਨ ਸ਼ੈਲੀ ਦਾ ਪ੍ਰਚਾਰਕ ਬਣੇਗਾ।

ਇੱਕ ਵਾਰ ਅਮਰ ਸਿੰਘ ਦੁਸਾਂਝ ਦਾ ਭਾਈ ਸਾਹਿਬ ਸੰਬੰਧੀ ਲੇਖ 'ਅਕਾਲੀ ਪੱਤਰਕਾ' ਅਖ਼ਬਾਰ ਵਿੱਚ ਛਪਿਆ, ਜਿਸ ਨੂੰ ਮੈਂ ਬਾਰ-ਬਾਰ ਪੜ੍ਹਿਆ। ਉਸ ਲੇਖ ਨੇ ਮੇਰੇ ਮਨ ਵਿੱਚ ਉਨ੍ਹਾਂ ਪ੍ਰਤੀ ਸ਼ਰਧਾ, ਸਤਿਕਾਰ ਨੂੰ ਪ੍ਰਬਲ ਕੀਤਾ ਤੇ ਮੈਂ ਉਨ੍ਹਾਂ ਦਾ ਸ਼ਿਸ਼ ਬਣਨ ਲਈ ਠਾਣ ਲਈ।

ਇਨ੍ਹਾਂ ਪ੍ਰਭਾਵਾਂ ਦੇ ਫਲਸਰੂਪ ਮੇਰੇ ਪਿਤਾ ਜੀ ਮੈਨੂੰ ਭਾਈ ਸਾਹਿਬ ਦੇ ਘਰ ਲੈ ਗਏ। ਸਾਡਾ ਘਰ ਉਨ੍ਹਾਂ ਤੋਂ ਬਹੁਤ ਦੂਰ ਨਹੀਂ ਸੀ। ਉਥੇ ਮੈਨੂੰ ਉਨ੍ਹਾਂ ਦੇ

ਚਰਨਾਂ ਵਿੱਚ ਬਿਠਾ ਕੇ ਪਿਤਾ ਜੀ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਇਸ ਬੱਚੇ 'ਤੇ ਬਖ਼ਸ਼ਿਸ਼ ਕਰੋ। ਭਾਈ ਸਾਹਿਬ ਨੇ ਪ੍ਰਵਾਨਗੀ ਦੇ ਦਿੱਤੀ। ਉਨ੍ਹਾਂ ਨੇ ਆਪਣਾ ਦਿਲਰੁਬਾ ਸੁਰ ਕਰਕੇ ਮੇਰੇ ਹੱਥਾਂ ਵਿੱਚ ਫੜਾ ਦਿੱਤਾ ਤੇ ਕਿਹਾ ਕਿ ਵਜਾਉ। ਸ਼ਾਮ ਦਾ ਸਮਾਂ ਹੋਣ ਕਰਕੇ ਰਾਗ ਕਲਿਆਣ ਵਜਾਇਆ। ਦਿਲਰੁਬਾ ਸੁਣ ਕੇ ਭਾਈ ਸਾਹਿਬ ਬਹੁਤ ਖੁਸ਼ ਹੋਏ ਕਿਉਂਕਿ ਉਹ ਤੰਤੀ ਸਾਜ਼ਾਂ ਨੂੰ ਬਹੁਤ ਪਸੰਦ ਕਰਦੇ ਸਨ।

ਮਾਰਚ ਸੰਨ 1968 ਦੀ ਗੱਲ ਹੈ। ਭਾਈ ਸਾਹਿਬ ਜੀ ਦੀ ਪ੍ਰਵਾਨਗੀ ਉਪਰੰਤ ਮੈਂ ਉਨ੍ਹਾਂ ਦੇ ਘਰ ਮਾਡਲ ਟਾਊਨ ਲੁਧਿਆਣਾ, ਜੋ ਸਾਡੇ ਘਰ ਦੇ ਨਜਦੀਕੀ ਸੀ, ਅਕਸਰ ਜਾਣ ਲੱਗ ਪਿਆ। ਉਹ ਬਿਰਧ ਹੋਣ ਕਰਕੇ ਅੰਦਰ ਬਾਹਰ ਪ੍ਰੋਗਰਾਮ ਘੱਟ ਹੀ ਲੈਂਦੇ ਸਨ। **ਉਨ੍ਹਾਂ ਦਾ ਨੇਮ ਸੀ ਕਿ ਸ਼ਾਮ ਨੂੰ ਇੱਕ ਸ਼ਬਦ ਦਾ ਕੀਰਤਨ ਹਰ ਰੋਜ਼ ਆਪਣੇ ਘਰ ਵਿੱਚ ਰਹਰਾਸਿ ਸਾਹਿਬ ਦੇ ਪਾਠ ਉਪਰੰਤ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਵਿੱਚ ਕਰਦੇ ਸਨ।** ਮੈਂ ਤਕਰੀਬਨ ਹਰ ਰੋਜ਼ ਉਨ੍ਹਾਂ ਦੀ ਸੰਗਤ ਕਰਦਾ। ਮੇਰਾ ਉਹਨਾਂ ਨਾਲ ਸੰਪਰਕ ਜੁੜ ਗਿਆ। ਮੇਰੇ ਨਾਲ ਭਾਈ ਸਵਰਨ ਸਿੰਘ ਜੋ ਪੰਜਾਬ ਐਂਡ ਸਿੰਧ ਬੈਂਕ ਵਿੱਚ ਸਰਵਿਸ ਤੇ ਹਨ ਤੇ ਜਿਨ੍ਹਾਂ ਨੂੰ ਭਾਈ ਸਾਹਿਬ ਜੀ ਦੀ ਨਿੱਜੀ ਸੇਵਾ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ, ਵੀ ਹੁੰਦੇ ਸਨ।

ਜੇਕਰ ਕਿਸੇ ਦਿਨ ਕਾਰਨ ਵਸ ਮੈਂ ਨਾ ਜਾ ਸਕਦਾ ਤਾਂ ਉਹ ਮੈਨੂੰ ਸੁਨੇਹਾ ਭੇਜ ਦਿੰਦੇ। ਮੈਨੂੰ ਉਹਨਾਂ ਦੇ ਰੋਜ਼ਾਨਾ ਮੇਲ ਜੋਲ ਤੋਂ ਅੰਤ੍ਰੀਵ ਖੁਸ਼ੀ ਹਾਸਲ ਹੁੰਦੀ। ਮੈਂ ਦੇਰ ਰਾਤ ਤੱਕ ਉਨ੍ਹਾਂ ਪਾਸ ਠਹਿਰਦਾ। ਰਾਤ ਸੌਣ ਸਮੇਂ ਮੈਂ ਦਿਲਰੁਬਾ ਦੀਆਂ ਮਿੱਠੀਆਂ ਸੁਰਾਂ ਛੇੜਦਾ। ਕਦੀ ਨਿੱਜੀ ਤੌਰ 'ਤੇ ਸੇਵਾ ਵਿੱਚ ਰੁੱਝ ਜਾਂਦਾ। ਜਦੋਂ ਉਹ ਸੌਂ ਜਾਂਦੇ ਮੈਂ ਘਰ ਪਰਤ ਆਉਂਦਾ। ਮਾਤਾ ਦਯਾ ਕੌਰ ਜੀ ਵੀ ਮੈਨੂੰ ਨਿੱਘੀਆਂ ਤੇ ਪਿਆਰੀਆਂ ਨਜ਼ਰਾਂ ਨਾਲ ਤੱਕਦੇ ਤੇ ਇੱਕੋ ਸਾਹੀ ਕਈ-ਕਈ ਅਸੀਸਾਂ ਨਾਲ ਨਿਵਾਜਦੇ। ਉਨ੍ਹਾਂ ਦਾ ਆਪਣਾ ਬੇਟਾ ਤਾਂ ਕਈ ਕੋਹਾਂ ਦੂਰ ਸੀ। ਉਨ੍ਹਾਂ ਵਿੱਚ ਤਿਆਗ, ਦਯਾ ਤੇ ਪਿਆਰ ਦਾ ਅਥਾਹ ਸਾਗਰ ਠਾਠਾਂ ਮਾਰਦਾ



ਸੀ। ਮੈਂ ਤੱਕਦਾ ਮਾਤਾ ਜੀ ਹਰ ਆਏ ਗਏ ਮਹਿਮਾਨ ਨੂੰ ਸਹੀ ਆਉ ਭਗਤ ਕਰਕੇ ਨਿਵਾਜਦੇ। ਉਹਨਾਂ ਦੀ ਅਣਥੱਕ ਸੇਵਾ ਵੀ ਕੌਮ ਪ੍ਰਤੀ ਬੇਮਿਸਾਲ ਸੀ। ਮੈਂ ਭਾਈ ਸਾਹਿਬ ਦੇ ਚਰਨਾਂ ਵਿੱਚ ਉਨ੍ਹਾਂ ਦੀਆਂ ਗਾਈਆਂ ਰੀਤਾਂ ਨੂੰ ਦੁਹਰਾਉਂਦਾ। ਘਰ ਆ ਕੇ ਵੀ ਅਭਿਆਸ ਕਰਦਾ। ਹੌਲੀ-ਹੌਲੀ ਉਹਨਾਂ ਦੀ ਗਾਇਕੀ ਮੇਰੇ ਅੰਦਰ ਵੱਸਦੀ, ਧੱਸਦੀ ਤੇ ਰੱਸਦੀ ਗਈ। ਇਹ ਦੁਵੱਲੀ ਖਿੱਚ ਅੰਤਿਮ ਸਮੇਂ ਤੱਕ ਜਾਰੀ ਰਹੀ।

ਮੈਂ ਭਾਈ ਸਾਹਿਬ ਦੀ ਨੇੜਤਾ ਤੇ ਨਿੱਘ ਨੂੰ ਕੁਝ ਵਰ੍ਹੇ ਹੀ ਖੁੱਲ ਕੇ ਮਾਣ ਸਕਿਆ। ਇਸ ਸਮੇਂ ਦੇ ਦੌਰਾਨ ਕਿਉਂਕਿ ਉਹਨਾਂ ਦੇ ਸਾਥੀ ਨਾਲ ਨਹੀਂ ਸਨ, ਰੇਡਿਓ ਪ੍ਰੋਗਰਾਮ ਕਰਨ ਲਈ ਉਹ ਮੈਨੂੰ ਨਾਲ ਲਿਜਾਣ ਲੱਗ ਪਏ।

ਮੈਨੂੰ ਇੱਕ ਘਟਨਾ ਯਾਦ ਹੈ ਕਿ ਇੱਕ ਵਾਰ ਉਹ ਮੈਨੂੰ ਆਪਣੇ ਨਾਲ ਅੰਮ੍ਰਿਤਸਰ ਲੈ ਕੇ ਗਏ। ਅਸੀਂ ਮਜੀਠਾ ਹਾਊਸ ਇੱਕ ਹਫ਼ਤਾ ਠਹਿਰੇ ਜਿਥੇ ਸਵੇਰੇ ਸ਼ਾਮ ਸੰਗਤ ਜੁੜਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਰਤਨ ਕਰਨ ਉਪਰੰਤ ਮੈਂ ਸਾਰਾ ਦਿਨ ਤੇ ਰਾਤ ਭਾਈ ਸਾਹਿਬ ਦੀ ਸੇਵਾ ਵਿੱਚ ਗੁਜ਼ਾਰਦਾ। ਇਸ ਸਮੇਂ ਦੇ ਦੌਰਾਨ ਮੈਨੂੰ ਭਾਈ ਸਾਹਿਬ ਨੇ ਅਤੁੱਟ ਪਿਆਰ ਦਿੱਤਾ। ਉਨ੍ਹਾਂ ਦੀ ਗਾਇਕੀ ਦੀਆਂ ਛੁਹਾਂ ਮੇਰੇ ਅੰਦਰ ਧੱਸ ਗਈਆਂ।

ਇਸੇ ਸਮੇਂ ਦੌਰਾਨ ਅਸੀਂ ਇੱਕ ਦਿਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਰਸ਼ਨ ਲਈ ਗਏ। ਭਾਈ ਸਾਹਿਬ ਨੂੰ ਮੱਥਾ ਟੇਕਦਿਆਂ ਪਛਾਣ ਕੇ ਹਜ਼ੂਰੀ ਰਾਗੀ ਸਿੰਘ ਨੇ ਪੜ੍ਹ ਰਹੇ ਸ਼ਬਦ ਦਾ ਭੋਗ ਪਾ ਕੇ ਭਾਈ ਸਾਹਿਬ ਨੂੰ ਸ਼ਬਦ ਪੜ੍ਹਨ ਲਈ ਇਸ਼ਾਰਾ ਕੀਤਾ।

ਭਾਈ ਸਾਹਿਬ ਨੇ ਸ਼ਬਦ ਪੜ੍ਹਿਆ:

**ਦਰਮਾਦੇ ਠਾਢੇ ਦਰਬਾਰਿ ॥**
**ਤੁਝ ਬਿਨੁ ਸੁਰਤਿ ਕਰੈ ਕੋ ਮੇਰੀ**
**ਦਰਸਨੁ ਦੀਜੈ ਖੋਲ੍ਹਿ ਕਿਵਾਰ ॥1॥ ਰਹਾਉ ॥** (856)

ਮੈਂ ਅੰਦਰੋਂ ਗਦ ਗਦ ਹੋ ਉੱਠਿਆ ਕਿ ਅੱਜ ਭਾਈ ਸਾਹਿਬ ਜੀ ਸਦਕਾ ਮੈਨੂੰ ਸੱਚਖੰਡ ਸਾਹਿਬ ਦੀ ਹਜ਼ੂਰੀ ਵਿੱਚ ਕੀਰਤਨ ਕਰਨ ਦਾ ਮੌਕਾ ਮਿਲਿਆ ਹੈ।

**ਜਦੋਂ ਪੰਜਾਬ ਸਰਕਾਰ ਨੇ ਭਾਈ ਸਾਹਿਬ ਨੂੰ ਸ਼੍ਰੋਮਣੀ ਰਾਗੀ ਵਜੋਂ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ** ਤਾਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ ਹੋਏ ਸਨਮਾਨ ਸਮਾਰੋਹ ਵਿੱਚ ਮੈਂ ਸੁਰ ਮੰਡਲ 'ਤੇ ਭਾਈ ਸਾਹਿਬ ਦਾ ਸਾਥ ਦਿੱਤਾ।

ਇੱਕ ਵਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁੱਖੀ ਡਾ: ਤਾਰਨ ਸਿੰਘ ਤੇ ਉਨ੍ਹਾਂ ਦੇ ਸਾਥੀ ਪਿਆਰਾ ਸਿੰਘ ਪਦਮ ਤੇ ਡਾ: ਬਲਕਾਰ ਸਿੰਘ ਭਾਈ ਸਾਹਿਬ ਜੀ ਦੇ ਘਰ ਰਿਕਾਰਡਿੰਗ ਲਈ ਆਏ। ਉਸ ਸਮੇਂ ਮੈਨੂੰ ਭਾਈ ਸਾਹਿਬ ਨਾਲ ਤਾਨਪੂਰੇ 'ਤੇ ਗਾਇਨ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਭਾਈ ਸਾਹਿਬ ਜੀ ਦੀ ਸੰਗਤ ਸਦਕਾ ਮੈਨੂੰ ਸਿੱਖ ਸੰਗਤ ਵਲੋਂ ਵੱਡਮੁੱਲਾ ਮਾਣ, ਸਤਿਕਾਰ ਅਤੇ ਪਿਆਰ ਮਿਲਿਆ।

ਮੈਂ ਭਾਈ ਸਾਹਿਬ ਜੀ ਦੀ ਯਾਦ ਨੂੰ ਆਪਣੇ ਜ਼ਿਹਨ ਵਿੱਚ ਸਦਾ ਵਸਾਈ ਰੱਖਣ ਲਈ ਤੇ ਆਪਣੀ ਭਾਵਾਤਮਕ ਸਾਂਝ ਨੂੰ ਹੋਰ ਦ੍ਰਿੜ੍ਹ ਕਰਨ ਵਜੋਂ ਆਪਣੇ ਮੁੱਲਾਂਪੁਰ ਸਥਿਤ ਗ੍ਰਿਹ ਦਾ ਨਾਮ ਸਵੱਰ ਸਮੁੰਦ ਰੱਖਿਆ, ਜਿਥੇ ਅੱਜ ਤੱਕ ਭਾਈ ਸਮੁੰਦ ਸਿੰਘ ਜੀ ਦੀ ਰਿਕਾਰਡਿਡ ਆਵਾਜ਼ ਹਮੇਸ਼ਾਂ ਗੂੰਜਦੀ ਰਹਿੰਦੀ ਹੈ।

ਅੱਜ ਵੀ ਜਦੋਂ ਮੈਂ ਉਹਨਾਂ ਦੀਆਂ ਬੰਦਸ਼ਾਂ, ਰੀਤਾਂ ਤੇ ਤਾਲਾਂ ਵਿੱਚ ਸ਼ਬਦਾਂ ਦਾ ਗਾਇਨ ਕਰਦਾ ਹਾਂ ਤਾਂ ਸਿੱਖ ਸੰਗਤਾਂ ਵਿੱਚ ਕਈ ਬਜ਼ੁਰਗ ਮੈਨੂੰ ਗਲਵੱਕੜੀ ਵਿੱਚ ਲੈ ਪਿਆਰ ਦਿੰਦੇ ਹਨ ਤੇ ਕਹਿੰਦੇ ਹਨ ਕਿ ਅੱਜ ਸਾਨੂੰ ਭਾਈ ਸਾਹਿਬ ਜੀ ਦੀ ਗਾਇਕੀ ਦਾ ਆਨੰਦ ਦਿਵਾ ਦਿੱਤਾ ਹੈ। ਮੈਨੂੰ ਉਦੋਂ ਬਹੁਤ ਪ੍ਰਸੰਨਤਾ ਹੋਈ ਜਦੋਂ 1978 ਵਿੱਚ ਮੇਰੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਮੇਰੀ ਗੁਜ਼ਾਰਿਸ਼ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਬੰਧਕਾਂ ਨੇ ਗੁਰਮਤਿ



ਸੰਗੀਤ ਅਕੈਡਮੀ ਦਾ ਨਾਮ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਰੱਖ ਦਿੱਤਾ ਤੇ ਮੈਨੂੰ ਆਨਰੇਰੀ ਪ੍ਰਿੰਸੀਪਲ ਥਾਪ ਕੇ ਉਹਨਾਂ ਦੀਆਂ ਸੇਵਾਵਾਂ ਪ੍ਰਤੀ ਸਮਰਪਿਤ ਹੋਣ ਦਾ ਮੌਕਾ ਦਿੱਤਾ।

ਇਸ ਅਕੈਡਮੀ ਦਾ ਉਦਘਾਟਨ ਭਾਈ ਸਾਹਿਬ ਜੀ ਦੀ ਸੁਪਤਨੀ ਬੀਬੀ ਦਯਾ ਕੌਰ ਜੀ ਤੋਂ ਕਰਵਾਇਆ। ਜਿਨ੍ਹਾਂ ਨੇ ਭਾਈ ਸਾਹਿਬ ਜੀ ਦਾ ਤਾਨਪੁਰਾ ਇਸ ਸੰਸਥਾ ਨੂੰ ਭੇਂਟ ਕਰ ਕੇ ਉਹਨਾਂ ਦੀ ਯਾਦ ਸਦੀਵੀ ਬਣਾ ਦਿੱਤੀ।

1996 ਵਿੱਚ ਪੰਜਾਬ ਐਂਡ ਸਿੰਧ ਬੈਂਕ ਵਲੋਂ ਡਿਵੋਸ਼ਨਲ ਮਿਊਜ਼ਿਕ ਆਰਕਾਈਵ ਦੀ ਜਲੰਧਰ ਵਿਖੇ ਸਥਾਪਨਾ ਹੋਈ। ਇਸ ਦੇ ਅੰਤਰਗਤ ਮੈਨੂੰ ਲੱਗਭੱਗ ਬਾਰਾਂ ਸਾਲ ਸੇਵਾ ਕਰਨ ਦਾ ਮੌਕਾ ਮਿਲਿਆ। ਉਥੇ ਰਹਿ ਕੇ ਮੈਂ ਭਾਈ ਸਾਹਿਬ ਦੀ ਗਾਇਨ ਸ਼ੈਲੀ ਦੀ ਸੰਭਾਲ, ਪ੍ਰਚਾਰ ਤੇ ਪ੍ਰਸਾਰ ਕਰਨ ਦਾ ਉਪਰਾਲਾ ਕਰਦਾ ਰਿਹਾ ਹਾਂ।

ਦਸੰਬਰ 2007 ਵਿੱਚ ਬੈਂਕ ਦੀ ਰਿਟਾਇਰਮੈਂਟ ਤੋਂ ਬਾਅਦ ਸੁਕ੍ਰਿਤ ਟਰੱਸਟ ਵਲੋਂ ਵੀਰ ਜਸਵਿੰਦਰ ਸਿੰਘ ਖਾਲਸਾ ਮਾਨਚੈਸਟਰ (ਯੂ.ਕੇ.) ਤੇ ਰੇਣੂਕਾ ਸਰਬਜੀਤ ਸਿੰਘ ਜੀ ਦੇ ਉੱਦਮ ਸਦਕਾ ਮੈਂ **ਇਸ ਸਮੇਂ ਸਵੱਰ ਸਮੁੰਦ ਕੀਰਤਨ ਅਕੈਡਮੀ, ਮੁੱਲਾਂਪੁਰ (ਲੁਧਿਆਣਾ) ਵਿਖੇ ਕਾਰਜਸ਼ੀਲ ਹਾਂ** ਅਤੇ ਜੀਵਨ ਦੇ ਅੰਤਲੇ ਸਾਹਾਂ ਤੱਕ ਗੁਰਮਤਿ ਕੀਰਤਨ ਸ਼ੈਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰੂ ਕਿਰਪਾ ਸਦਕਾ ਯਤਨਸ਼ੀਲ ਰਹਾਂਗਾ,

ਇਸ ਪੁਸਤਕ ਨੂੰ ਤਰਤੀਬ ਦੇਣ ਵਿੱਚ ਮੇਰੀ ਜੀਵਨ-ਸਾਥਣ ਪ੍ਰੋ: ਪਰਮਜੀਤ ਕੌਰ ਰਿਟਾਇਰਡ ਵਾਈਸ ਪ੍ਰਿੰਸੀਪਲ ਕਾਲਜ ਆਫ ਐਜੂਕੇਸ਼ਨ ਸਿੱਧਵਾਂ ਖੁਰਦ ਦਾ ਬਹੁਤ ਵੱਡਾ ਹੱਥ ਹੈ ਤੇ ਇਸ ਪੁਸਤਕ ਦੀ ਕੰਪੋਜ਼ਿੰਗ ਮੇਰੇ ਸ਼ਾਗਿਰਦ ਸ: ਜਗਤਾਰ ਸਿੰਘ (ਮੈਂਬਰ ਸੁਕ੍ਰਿਤ ਟਰੱਸਟ) ਤੇ ਕਾਕਾ ਗੁਰਪ੍ਰੀਤ ਸਿੰਘ (ਪੱਟੀ ਵਾਲੇ) ਦਾ ਵਿਸ਼ੇਸ਼ ਯੋਗਦਾਨ ਹੈ ਜਿਨ੍ਹਾਂ ਨੇ ਸ਼ਰਧਾ ਨਾਲ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਹੈ।

ਬੜੇ ਅਰਸੇ ਤੋਂ ਮੇਰੇ ਮਨ ਵਿੱਚ ਬਾਰ-ਬਾਰ ਇਹ ਸੰਕਲਪ ਪੈਦਾ ਹੁੰਦਾ ਰਿਹਾ ਕਿ ਭਾਈ ਸਾਹਿਬ ਵਰਗੇ ਅਨਮੋਲ, ਦੁਰਲੱਭ ਤੇ ਵਿਲੱਖਣ ਹੀਰੇ ਤੋਂ ਕੌਮ ਨੂੰ ਜਾਣੂੰ ਕਰਵਾਇਆ ਜਾਏ ਤਾਂ ਜੋ ਮੈਂ ਉਹਨਾਂ ਦੀ ਦਿੱਤੀ ਦਾਤ ਦਾ ਕੁਝ ਕਰਜ਼ਾ ਚੁਕਾ ਸਕਾਂ।

ਇਸ ਲਈ ਸਮੇਂ-ਸਮੇਂ ਤੇ ਪ੍ਰਸਿੱਧ ਰਾਗੀਆਂ, ਲੇਖਕਾਂ ਵਿਦਵਾਨਾਂ ਨਾਲ ਪੱਤਰ ਵਿਹਾਰ ਕਰਕੇ ਤੇ ਨਿੱਜੀ ਸੰਪਰਕ ਪੈਦਾ ਕਰਕੇ ਉਹਨਾਂ ਬਾਰੇ ਜਾਣਕਾਰੀ ਹਾਸਿਲ ਕਰਨ ਦੀ ਕੋਸ਼ਿਸ਼ ਵਿੱਚ ਰਿਹਾ ਹਾਂ, ਲੰਮੀ ਘਾਲਣਾ ਤੋਂ ਬਾਅਦ ਕੁਝ ਵਿਸ਼ਾ-ਸਮੱਗਰੀ ਪ੍ਰਾਪਤ ਹੋ ਸਕੀ।

ਮੈਨੂੰ ਅਤਿਅੰਤ ਖੁਸ਼ੀ ਹੈ ਕਿ ਮੈਂ ਮੁਦਤਾਂ ਤੋਂ ਬਾਅਦ ਆਪਣਾ ਸੁਪਨਾ ਸਾਕਾਰ ਕਰ ਸਕਿਆ। **ਭਾਈ ਸਾਹਿਬ ਜੀ ਦੀ ਜੀਵਨੀ ਵੱਖ-ਵੱਖ ਪੱਧਰ ਦੇ ਸਿਲੇਬਸ ਦਾ ਹਿੱਸਾ ਹੋਣ ਕਾਰਨ ਸੰਗੀਤ ਦੇ ਵਿਦਿਆਰਥੀਆਂ ਨੂੰ ਵੀ ਯੋਗ ਅਗਵਾਈ ਦੇ ਸਕੇਗੀ।** ਇਤਨੀ ਮਹਾਨ ਸਖਸ਼ੀਅਤ ਬਾਰੇ ਲਿਖਣਾ ਮੇਰੀ ਸਮਰਥਾ ਤੋਂ ਬਾਹਰ ਹੈ, ਉਹ ਸੂਰਜ ਸਮਾਨ ਸਖਸ਼ੀਅਤ ਨੂੰ ਦੀਵਾ ਕੀ ਰੌਸ਼ਨੀ ਦਿਖਾ ਸਕਦਾ ਹੈ? ਆਸ ਹੈ ਕਿ ਇਸ ਨਿਮਾਣੇ ਯਤਨ ਨੂੰ ਪਾਠਕ ਪਰਵਾਣ ਕਰਨਗੇ।

**ਪਰਮਜੋਤ ਸਿੰਘ**

93, ਸਵੱਰ ਸਮੁੰਦ, ਦਾਖਾ ਕਾਲਜ ਰੋਡ,

ਮੁੱਲਾਂਪੁਰ, ਲੁਧਿਆਣਾ-094171-16419



## ਜੀਵਨ-ਬਿਰਤਾਂਤ

ਅਕਾਲ ਪੁਰਖ ਜੋ ਕਿ **"ਆਪਿ ਸਮੁੰਦੁ ਆਪਿ ਹੈ ਸਾਗਰੁ"** ਨੇ ਆਪਣੀ ਰਹਿਮਤ ਵਰਤਾ ਕੇ ਸ੍ਰ: ਹਜ਼ੂਰਾ ਸਿੰਘ ਦੇ ਘਰ 1 ਜਨਵਰੀ, 1900 ਨੂੰ ਭਾਈ ਸਮੁੰਦ ਸਿੰਘ ਜੀ ਨੂੰ ਭੇਜਿਆ। ਪਿੰਡ ਹਮਜ਼ਾਂ, ਮੁੱਲਾ ਚੱਕ ਨੰ: 47, ਜ਼ਿਲ੍ਹਾ ਮਿੰਟਗੁਮਰੀ ਦੀ ਉਹ ਸੁਭਾਗੀ ਧਰਤੀ ਤੇ ਮਾਤਾ ਕਰਮ ਕੌਰ ਦੀ ਸੁਭਾਗੀ ਕੁੱਖ ਸੀ, ਜਿਸ ਨੇ ਇੰਨੇ ਵੱਡੇ ਕੀਰਤਨੀਏ ਨੂੰ ਜਨਮ ਦਿੱਤਾ। ਪਿਤਾ ਭਾਈ ਹਜ਼ੂਰਾ ਸਿੰਘ ਜੰਗਲਾਤ ਵਿਭਾਗ ਵਿੱਚ ਅਫ਼ਸਰ ਸਨ। ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਜਨਮ ਅਸਥਾਨ, ਸ੍ਰੀ ਨਨਕਾਣਾ ਸਾਹਿਬ ਦੀ ਮੁੱਖ ਸੇਵਾਦਾਰ ਵਜੋਂ ਵੀ ਸੇਵਾ ਨਿਭਾਈ। ਇਸੇ ਕਾਰਨ ਉਨ੍ਹਾਂ ਨੂੰ ਗੁਰੂ ਨਾਨਕ ਜੀ ਦੀ ਬਾਣੀ ਗਾਉਣ ਵਾਲਾ ਪੁੱਤਰ ਦਾਤ ਦੇ ਰੂਪ ਵਿੱਚ ਪ੍ਰਾਪਤ ਹੋਇਆ। ਭਾਈ ਸਾਹਿਬ ਜੀ ਦੀ ਦਾਦੀ ਮਾਤਾ ਸਦਾ ਕੌਰ ਵਿੱਚ ਵੀ ਰੂਹਾਨੀ ਜੋਤ ਜਗਦੀ ਸੀ ਅਤੇ ਉਨ੍ਹਾਂ ਦੀ ਜ਼ੁਬਾਨ ਤੇ ਹਮੇਸ਼ਾਂ ਸੁਖਮਨੀ ਸਾਹਿਬ ਦਾ ਪਾਠ ਹੁੰਦਾ। ਉਹ ਹਰ ਰੋਜ਼ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਦੇ।

ਕਾਕਾ ਸਮੁੰਦ ਸਿੰਘ ਨੂੰ ਘਰ ਵਿੱਚੋਂ ਹੀ ਕੀਰਤਨ ਦੀ ਪਹਿਲੀ ਗੁੜ੍ਹਤੀ ਆਪਣੇ ਪਿਤਾ ਤੋਂ ਮਿਲੀ ਕਿਉਂਕਿ ਉਹ ਤਾਊਸ ਨਾਲ ਰੋਜ਼ ਕੀਰਤਨ ਕਰਿਆ ਕਰਦੇ ਸਨ ਅਤੇ ਭਾਈ ਹਜ਼ੂਰਾ ਸਿੰਘ ਦਾ ਭਰਾ ਤੇ ਭਾਈ ਸਾਹਿਬ ਦਾ ਚਾਚਾ ਭਾਈ ਗੁਰਦਿੱਤ ਸਿੰਘ ਤਬਲੇ ਤੇ ਸੰਗਤ ਕਰਦੇ। ਬਾਣੀ ਰਾਹੀਂ ਰਾਗ-ਰੰਗ-ਰਸ ਦਾ ਮਾਹੌਲ ਬੱਝ ਜਾਂਦਾ ਅਤੇ ਇਸ ਮਾਹੌਲ ਵਿੱਚ ਪਲੇ ਕਾਕਾ ਸਮੁੰਦ ਸਿੰਘ ਦੀ ਰੁਚੀ ਆਪ-ਮੁਹਾਰੇ ਕੀਰਤਨ ਵੱਲ ਹੋ ਗਈ।

ਉਨ੍ਹਾਂ ਦੀ ਉਮਰ ਉਸ ਵੇਲੇ ਸਿਰਫ਼ ਸੱਤ ਸਾਲ ਦੀ ਸੀ, ਜਦੋਂ ਤੋਂ ਉਨ੍ਹਾਂ

ਨੇ ਗੁਰਪੁਰਬਾਂ, ਧਾਰਮਿਕ ਸਮਾਗਮਾਂ ਅਤੇ ਸਿੰਘ ਸਭਾਵਾਂ ਵਲੋਂ ਆਯੋਜਿਤ ਕਾਨਫਰੰਸਾਂ ਵਿੱਚ ਸ਼ਬਦ ਪੜ੍ਹਨੇ ਆਰੰਭ ਕਰ ਦਿੱਤੇ ਸਨ। ਉਸ ਸਮੇਂ ਉਨ੍ਹਾਂ ਨੂੰ ਸਭ ਕਾਕਾ ਸਮੁੰਦ ਸਿੰਘ ਕਹਿ ਕੇ ਬੁਲਾਉਂਦੇ। **ਆਪ ਦੀ ਸੁੰਦਰ ਮਿੱਠੀ ਆਵਾਜ਼ ਤੇ ਪ੍ਰਭਾਵਸ਼ਾਲੀ ਮਨਮੋਹਕ ਚਿਹਰੇ ਨੂੰ ਦੇਖਣ ਲਈ ਪੰਡਾਲ ਵਿੱਚ ਪਿੱਛੇ ਬੈਠੀਆਂ ਸੰਗਤਾਂ ਉਪਰ ਉੱਠ-ਉੱਠ ਕੇ ਤੱਕਦੀਆਂ।** ਪਿਤਾ ਹਜ਼ੂਰਾ ਸਿੰਘ ਗਦ ਗਦ ਹੁੰਦੇ ਜਿੰਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦਾ ਸਪੁੱਤਰ ਸਮੁੰਦ ਸਿੰਘ ਇੱਕ ਰਸੀਲਾ ਕੀਰਤਨੀਆਂ ਬਣੇ।

ਭਾਈ ਹਜ਼ੂਰਾ ਸਿੰਘ ਜੀ ਦੀ ਪ੍ਰੇਰਨਾ ਸ਼ਕਤੀ ਕਰ ਕੇ ਭਾਈ ਸਾਹਿਬ ਨੂੰ ਕਈ ਗੁਣੀ ਗਵੱਈਆਂ ਦੀ ਸੰਗਤ ਪ੍ਰਾਪਤ ਹੋਈ। ਉਨ੍ਹਾਂ ਭਾਈ ਸਾਹਿਬ ਨੂੰ ਮਹੰਤ ਸ਼ਾਮ ਸਿੰਘ ਪਾਸੋਂ ਸੰਗੀਤ ਵਿੱਦਿਆ ਪ੍ਰਾਪਤ ਕਰਵਾਈ। ਭਾਈ ਹੀਰਾ ਸਿੰਘ ਫਰੂਕੇ ਵਾਲਿਆਂ ਨੂੰ ਬੇਨਤੀ ਕੀਤੀ ਗਈ ਤੇ ਉਨ੍ਹਾਂ ਭਾਈ ਸਾਹਿਬ ਨੂੰ ਰਾਗ ਵਿਦਿਆ ਪੂਰੇ ਰੂਹ ਨਾਲ ਦਿੱਤੀ। ਆਪ ਜੀ ਨੂੰ ਆਪਣੇ ਸਮਕਾਲੀ ਰਾਗੀ ਭਾਈ ਸ਼ੇਰ ਸਿੰਘ ਗੁਜਰਾਂਵਾਲੇ ਜੀ ਦੀ ਵੀ ਨੇੜਤਾ ਹਾਸਲ ਹੋਈ।

ਭਾਈ ਸਾਹਿਬ ਨੇ ਭਾਈ ਪਿਆਰਾ ਸਿੰਘ ਰਬਾਬੀ ਜੀ ਤੋਂ ਅਤੇ ਉਸਤਾਦ ਬੜੇ ਗੁਲਾਮ ਅਲੀ ਖਾਂ ਦੀ ਗਾਇਕੀ ਤੋਂ ਵੀ ਪ੍ਰੇਰਨਾ ਲਈ। ਜਦੋਂ ਵੀ ਕਦੀ ਮੌਕਾ ਮਿਲਦਾ ਵੱਡੇ ਵੱਡੇ ਗਵੱਈਆਂ ਦੀ ਸੰਗਤ ਕਰਦੇ। ਭਾਈ ਸਾਹਿਬ ਆਪਣੇ ਸਮੇਂ ਦੌਰਾਨ ਸੰਤਾਂ ਤੇ ਸੰਗਤਾਂ ਦੀਆਂ ਬਖ਼ਸ਼ਿਸ਼ਾਂ ਦੇ ਵਿਸ਼ੇਸ਼ ਤੌਰ ਤੇ ਪਾਤਰ ਬਣੇ।

ਸੰਤ ਅਤਰ ਸਿੰਘ ਮਸਤੂਆਣੇ ਵਾਲੇ, ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਸੰਤ ਸ਼ਾਮ ਸਿੰਘ ਅਟਾਰੀ ਵਾਲੇ, ਸੰਤ ਅਤਰ ਸਿੰਘ ਹੋਤੀ ਮਰਦਾਨ ਵਾਲੇ, ਸੰਤ ਸੰਗਤ ਸਿੰਘ ਕਮਾਲੀਏ ਵਾਲੇ ਤੇ ਸੰਤ ਈਸ਼ਰ ਸਿੰਘ ਰਾੜੇ ਵਾਲੇ ਆਪ ਜੀ ਨੂੰ ਸਮਾਗਮਾਂ ਤੇ ਉਚੇਚੇ ਤੌਰ ਤੇ ਸੱਦਦੇ ਤੇ ਸਤਿਕਾਰਦੇ।

ਮਹਾਰਾਜਾ ਪਟਿਆਲਾ ਆਪ ਨੂੰ ਆਪਣੀ ਰਿਆਸਤ ਵਿੱਚ ਲਿਜਾ ਸ਼ਾਹੀ ਰਾਗੀ ਬਣਾਉਣਾ ਚਾਹੁੰਦੇ ਸਨ ਪਰ ਗੁਰੂ ਪਿਆਰੇ ਕਿਸੇ ਬੰਧਨ ਵਿੱਚ ਨਹੀਂ



## ਉੱਜਲ ਦੀਦਾਰੀ



**ਭਾਈ ਸਾਹਿਬ ਜੀ ਦੀ ਪ੍ਰਭਾਵਸ਼ਾਲੀ ਦਿੱਖ**

ਕੀਰਤਨ ਕਰਦੇ ਭਾਈ ਸਾਹਿਬ ਜੀ ਦੇ ਸਪੁੱਤਰ



ਪਰਮਜੋਤ ਸਿੰਘ, ਸ੍ਰ. ਹਰਭਜਨ ਸਿੰਘ ਜੀ ਸਪੁੱਤਰ ਭਾਈ ਸਮੁੰਦ ਸਿੰਘ ਜੀ
ਅਤੇ ਭਾਈ ਹਰਨਾਮ ਸਿੰਘ ਜੀ






ਰੇਡੀਓ ਸਟੇਸ਼ਨ ਤੇ ਕੀਰਤਨ ਸਮੇਂ
ਭਾਈ ਹਰਨਾਮ ਸਿੰਘ ਜੀ, ਭਾਈ ਸਮੁੰਦ ਸਿੰਘ ਜੀ ਅਤੇ ਭਾਈ ਤੇਜਾ ਸਿੰਘ ਜੀ

ਪੈਣਾ ਚਾਹੁੰਦੇ। ਆਪ ਵਿਸ਼ੇਸ਼ ਆਉ ਭਗਤ ਦੇ ਭੁੱਖੇ ਨਹੀਂ ਸਨ। ਆਪ ਆਜ਼ਾਦ ਰਹਿ ਕੇ ਜਿਥੇ-ਜਿਥੇ ਆਪ ਦੇ ਸਰੋਤੇ ਚਾਹੁੰਦੇ, ਆਪ ਉਥੇ ਉਥੇ ਪਹੁੰਚਦੇ ਆਪ ਵੀ ਰਸਲੀਨ ਹੁੰਦੇ ਤੇ ਉਨ੍ਹਾਂ ਨੂੰ ਵੀ ਕਰਦੇ।

ਭਾਈ ਸਮੁੰਦ ਸਿੰਘ ਜੀ ਸੁਹਣੀ ਸੂਰਤ ਅਤੇ ਸੀਰਤ ਦੇ ਮਾਲਕ ਸਨ। ਸਰੀਰਕ ਤੌਰ ਤੇ ਮੱਧਰਾ ਕੱਦ, ਮੋਟੇ-ਮੋਟੇ ਨੈਣ-ਨਕਸ਼, ਪ੍ਰਭਾਵਸ਼ਾਲੀ ਦਾਹੜਾ, ਦੀਦਾਰੀ ਮੁੱਖੜਾ, ਨੀਲੀ ਦਸਤਾਰ, ਸਫੈਦ ਕੁੜਤਾ-ਪਜਾਮਾ ਤੇ ਬਦਾਮੀ ਰੰਗ ਦੀ ਵਾਸਕਟ ਆਪ ਦੀ ਸਖਸ਼ੀਅਤ ਨੂੰ ਮਿਕਨਾਤੀਸੀ ਬਣਾ ਦਿੰਦੇ। ਦਸਤਾਰ ਉਹ ਬਹੁਤ ਪੋਚਵੀਂ ਬੰਨ੍ਹਦੇ ਸਨ। **ਹਰ ਇੱਕ ਨੂੰ ਉਨ੍ਹਾਂ ਵਿੱਚੋਂ ਪੂਰਨ ਖਾਲਸੇ ਦਾ ਦੀਦਾਰ ਹੁੰਦਾ। ਸੀਰਤ ਦੇ ਪੱਖ ਤੋਂ ਉਨ੍ਹਾਂ ਦੀ ਕੋਈ ਰੀਸ ਨਹੀਂ ਸੀ।**

ਅਗਸਤ 1947 ਸਮੇਂ ਪਾਕਿਸਤਾਨ ਬਣਨ ਉਪਰੰਤ ਆਪ ਨੂੰ ਇਹ ਪਵਿੱਤਰ ਧਰਤੀ ਛੱਡਣੀ ਪਈ। ਉਸ ਭੀੜ ਸਮੇਂ ਵੀ ਆਪ ਭਰੇ-ਭਰਾਏ ਘਰ, ਜ਼ਮੀਨ ਜਾਇਦਾਦ ਛੱਡ ਇੱਧਰ ਆਏ ਪਰ ਆਉਂਦੇ ਹੋਏ ਤਾਨਪੁਰੇ ਨੂੰ ਦੋਹੀਂ ਹੱਥੀਂ ਘੁੱਟ ਰਿਆਜ਼ ਕਰਨ ਲਈ ਨਾਲ ਲੈ ਆਏ। ਉਹ ਤਾਨਪੁਰੇ ਤੇ ਘੰਟਿਆਂ ਬੱਧੀ ਰਿਆਜ਼ ਕਰਦੇ ਸਨ। ਤਾਨਪੁਰੇ ਨਾਲ ਉਨ੍ਹਾਂ ਦੀ ਬਹੁਤ ਪੀਢੀ ਸਾਂਝ ਸੀ। ਉਨ੍ਹਾਂ ਲਈ ਰਾਗ ਬੱਧ ਬਾਣੀ ਹੀ ਪ੍ਰਮਾਤਮਾ ਦੀ ਸੱਚੀ-ਸੁੱਚੀ ਅਰਾਧਨਾ ਤੇ ਸਾਧਨਾ ਸੀ ਅਤੇ ਉਸੇ ਦੀ ਪ੍ਰਾਪਤੀ ਲਈ ਉਹ ਯਤਨ ਕਰਦੇ ਰਹੇ।

ਭਾਈ ਸਾਹਿਬ ਜੀ ਦੀ ਸਾਧਨਾ ਅਤੇ ਕਲਾਤਮਕ ਸਿਖਰਾਂ ਨੂੰ ਦੇਖਦਿਆਂ ਲੱਗਦਾ ਹੋਵੇਗਾ ਕਿ ਸ਼ਾਇਦ ਉਹ ਆਪਣੇ ਗ੍ਰਹਿਸਤ ਜੀਵਨ ਤੋਂ ਉਪਰਾਮ ਰਹੇ ਹੋਣਗੇ। ਪਰ ਨਹੀਂ, ਉਹ ਤਾਂ ਇੱਕ ਆਗਿਆਕਾਰੀ ਪੁੱਤਰ, ਖੁਸ਼ਗਵਾਰ ਪਿਤਾ ਤੇ ਸੁਹਿਰਦ ਪਤੀ ਵਜੋਂ ਪ੍ਰਵਾਨ ਹੋਏ। ਉਨ੍ਹਾਂ ਗ੍ਰਹਿਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਬਖੂਬੀ ਨਿਭਾਈਆਂ। ਉਨ੍ਹਾਂ ਦੀ ਪਤਨੀ ਬੀਬੀ ਦਇਆ ਕੌਰ ਧਰਮ ਅਤੇ ਧੀਰਜ ਦੀ ਮੂਰਤ ਸਨ। ਜੋ ਮਿਲਣ ਆਏ-ਗਏ ਦੀ ਸੇਵਾ, ਖਿੜੇ ਮੱਥੇ ਕਰਦੇ। ਉਨ੍ਹਾਂ ਦੀਆਂ ਤਿੰਨ ਬੇਟੀਆਂ ਬੀਬੀ ਹਰਭਜਨ ਕੌਰ, ਬੀਬੀ ਜਸਕਰਨ ਕੌਰ ਤੇ ਬੀਬੀ ਦਰਸ਼ਨ ਕੌਰ ਨੇ ਉੱਚ ਵਿਦਿਆ ਪ੍ਰਾਪਤ ਕਰਕੇ ਉੱਚੇ



ਅਹੁੱਦੇ ਪ੍ਰਾਪਤ ਕੀਤੇ। ਉਨ੍ਹਾਂ ਦੇ ਇਕਲੌਤੇ ਪੁੱਤਰ ਸ੍ਰ: ਹਰਭਜਨ ਸਿੰਘ ਜੀ ਨੇ ਮਕੈਨੀਕਲ ਇੰਜੀਨਿਅਰਿੰਗ ਦੀ ਪੜ੍ਹਾਈ ਕੀਤੀ ਅਤੇ ਅਮਰੀਕਾ ਵਿੱਚ ਉੱਚੇ ਅਹੁਦੇ ਤੇ ਸਥਾਪਤ ਹੋਏ।

ਆਪ ਜੀ ਦੇ ਸਪੁੱਤਰ ਸ੍ਰ: ਹਰਭਜਨ ਸਿੰਘ ਦੀ ਆਪ ਵਿੱਚ ਅਸੀਮ ਸ਼ਰਧਾ ਸੀ ਭਾਵੇਂ ਉਹ ਰਾਗੀ ਨਹੀਂ ਬਣੇ ਪਰ ਉਨ੍ਹਾਂ ਆਪਣੇ ਪਿਤਾ ਜੀ ਦੀ ਗਾਇਕੀ ਨੂੰ ਆਪਣੇ ਜ਼ਿਹਨ ਵਿੱਚ ਨੱਪ ਘੁੱਟ ਲਿਆ। ਰਿਟਾਇਰਮੈਂਟ ਤੋਂ ਪਹਿਲਾਂ ਤੇ ਬਾਅਦ ਉਹ ਭਾਈ ਸਾਹਿਬ ਦੇ ਗਾਏ ਹੋਏ ਸ਼ਬਦਾਂ ਨੂੰ ਆਪਣੀ ਆਵਾਜ਼ ਵਿੱਚ ਗਾਉਂਦੇ ਹਨ। ਭਾਈ ਸਾਹਿਬ ਜੀ ਦੀ ਆਪਣੀ ਇਹ ਕਮਾਈ ਹੈ ਕਿ ਉਨ੍ਹਾਂ ਦੇ ਸਪੁੱਤਰ ਨੇ ਗਾਇਨ ਸ਼ੈਲੀ ਦੀ ਰਮਜ਼ ਆਪਣੀ ਪਕੜ ਵਿੱਚ ਲਿਆਂਦੀ। ਉਨ੍ਹਾਂ ਦੇ ਸਪੁੱਤਰ ਅੱਜ ਵੀ ਉਨ੍ਹਾਂ ਦੀਆਂ ਰੀਤਾਂ ਤੇ ਬੰਦਸ਼ਾਂ ਨੂੰ ਗਾਉਂਦੇ ਹਨ। ਇਸ ਸਮੇਂ ਅਮਰੀਕਾ ਵਿਚ ਗੁਰੂ ਦੇ ਕੀਰਤਨ ਦੀਆਂ ਛਹਿਬਰਾਂ ਲਗਾ ਰਹੇ ਹਨ।

ਗੁਰੂ ਸਾਹਿਬ ਜੀ ਦੀ ਅਪਾਰ ਕ੍ਰਿਪਾ ਨਾਲ ਜਿਨ੍ਹਾਂ ਪ੍ਰਵਾਰਾਂ ਵਿੱਚ ਉਨ੍ਹਾਂ ਦੇ ਪੁੱਤਰ-ਪੁੱਤਰੀਆਂ ਦੇ ਵਿਆਹ ਸੰਬੰਧ ਜੁੜੇ ਉਹ ਵੀ ਵਿਦਵਾਨ ਗੁਰਸਿੱਖ ਪ੍ਰਵਾਰ ਸਨ। ਇਹੋ ਜਿਹੇ ਹੱਸਦੇ-ਵੱਸਦੇ ਪ੍ਰਵਾਰ ਵਿੱਚ ਜਦੋਂ ਵੀ ਭਾਈ ਸਾਹਿਬ ਨੂੰ ਬੈਠਣ ਦਾ ਮੌਕਾ ਮਿਲਦਾ ਉਹ ਹਾਸਾ-ਠੱਠਾ ਵੀ ਕਰਿਆ ਕਰਦੇ। **ਆਪ ਬੱਚਿਆਂ ਵਿੱਚ ਬੱਚੇ, ਨੌਜਵਾਨਾਂ ਵਿੱਚ ਨੌਜਵਾਨ ਤੇ ਬਜ਼ੁਰਗ ਬਣ ਸਭ ਦੀ ਖੁਸ਼ੀ ਹਾਸਿਲ ਕਰ ਲੈਂਦੇ ਸਨ। ਆਪ ਦਲੇਰ, ਹੱਸਮੁਖ, ਸਦਾਚਾਰੀ ਤੇ ਖੁੱਲ੍ਹੇ ਡੁਲ੍ਹੇ ਦਿਲ ਵਾਲੇ ਸਨ।**

ਆਪ ਕਾਦਰ ਨੂੰ ਕੁਦਰਤ ਵਿੱਚੋਂ ਲਭਦੇ ਸਨ। ਇਸ ਲਈ ਆਪ ਦਾ ਸ਼ੁਰੂ ਤੋਂ ਹੀ ਫੁੱਲਾਂ, ਫਲਾਂ ਤੇ ਸਬਜ਼ੀਆਂ ਨਾਲ ਪਿਆਰ ਸੀ। ਆਪ ਨੇ ਆਪਣੇ ਨਿਵਾਸ ਅਸਥਾਨ ਤੇ ਇੱਕ ਸੋਹਣਾ ਹਰਾ ਭਰਾ ਬਗੀਚਾ ਲਗਵਾਇਆ ਹੋਇਆ ਸੀ ਜਿਸ ਨੂੰ ਇੱਕ ਪੱਕੇ ਮਾਲੀ ਦੁਆਰਾ ਮੌਸਮੀ ਸਬਜ਼ੀਆਂ, ਫਲਾਂ ਤੇ ਫੁੱਲਾਂ ਨਾਲ ਸ਼ਿੰਗਾਰੀ ਰੱਖਦੇ ਸਨ।

ਗੁਰਮਤਿ ਨੇ ਇੱਕ ਕੱਸਵਟੀ ਦਿੱਤੀ ਹੈ:-

**"ਖੋਲ ਖ਼ਜਾਨਾ ਸ਼ਬਦ ਦਾ ਸਾਧ ਸੰਗਤਿ ਸਚੁ ਮੇਲ ਮਿਲਾਇਆ॥ "**

ਜਿਸਨੂੰ ਭਾਈ ਸਾਹਿਬ ਨੇ ਆਪਣੀ ਜਿੰਦਗੀ ਵਿੱਚ ਅਪਣਾਇਆ। ਉਨ੍ਹਾਂ ਨਾਨਕ ਬਾਣੀ ਵਿੱਚ ਡੂੰਘੀ ਟੁੱਭੀ ਲਾਈ ਅਤੇ ਰਾਗ-ਰਤਨ ਨਾਲ ਭਰਪੂਰ ਖ਼ਜ਼ਾਨੇ ਨੂੰ ਪ੍ਰਾਪਤ ਕੀਤਾ। ਉਹ ਜਿਥੇ ਆਪ ਇਸ ਅਤੁੱਟ, ਅਮੋਲਕ ਤੇ ਦੁਰਲੱਭ ਖ਼ਜ਼ਾਨੇ ਨਾਲ ਮਾਲੋਮਾਲ ਹੋ ਗਏ। ਉਥੇ ਉਨ੍ਹਾਂ ਆਪਣੇ ਸਾਥੀਆਂ ਨੂੰ ਵੀ ਮਾਲੋ ਮਾਲ ਕਰ ਦਿੱਤਾ। ਲੰਮੇ ਸਮੇਂ ਤੱਕ ਕੀਰਤਨ ਦੀ ਸੇਵਾ ਵਿੱਚ ਭਾਈ ਤੇਜਾ ਸਿੰਘ ਤੇ ਭਾਈ ਹਰਨਾਮ ਸਿੰਘ ਜੀ ਨੇ ਉਨ੍ਹਾਂ ਨਾਲ ਸੰਗਤ ਕੀਤੀ। ਭਾਈ ਤੇਜਾ ਸਿੰਘ ਜੀ ਬਹੁਤ ਗੁਰਮੁਖ ਜੀਵਨ ਵਾਲੇ ਵਿਅਕਤੀ ਸਨ ਤੇ ਦਾਨੀ ਪੁਰਸ਼ ਸਨ। ਇਹਨਾਂ ਦੀ ਆਵਾਜ਼ ਬਰੀਕ ਪਰ ਸੁਰੀਲੀ ਸੀ, ਬਾਣੀ ਬਹੁਤ ਯਾਦ ਸੀ। ਗੁਰਬਾਣੀ ਦੇ ਪ੍ਰਮਾਣ ਬਹੁਤ ਦਿੰਦੇ ਸੀ।

ਜਦੋਂ ਭਾਈ ਸਾਹਿਬ ਕੀਰਤਨ ਕਰਦੇ ਕਰਦੇ ਆਪਣੀ ਸੁੱਧ-ਬੁੱਧ ਖੋ ਜਾਂਦੇ ਸਨ ਤਾਂ ਵਿਚੋਂ ਸ਼ਬਦ ਦਾ ਉਚਾਰਣ ਭਾਈ ਤੇਜਾ ਸਿੰਘ ਜੀ ਕਰਦੇ ਤੇ ਸ਼ਬਦ ਦਾ ਪਰਵਾਹ ਚਲਾ ਦਿੰਦੇ। ਭਾਈ ਤੇਜਾ ਸਿੰਘ ਜੀ ਦੇ ਸਪੁੱਤਰ ਸ੍ਰ: ਹਰਕੀਰਤ ਸਿੰਘ ਜੀ ਜੋ ਪੰਜਾਬ ਬਿਜਲੀ ਬੋਰਡ ਤੋਂ ਉੱਚੇ ਅਹੁਦੇ ਤੋਂ ਰਿਟਾਇਰ ਹੋਏ ਹਨ ਤੇ ਭਾਈ ਸਾਹਿਬ ਜੀ ਦੀ ਗਾਇਨ ਸ਼ੈਲੀ ਦੇ ਪ੍ਰਚਾਰ ਲਈ ਹਮੇਸ਼ਾਂ ਤਤਪਰ ਰਹਿੰਦੇ ਹਨ। ਕੁਝ ਸਮਾਂ ਦਾਸ ਨੂੰ ਉਨ੍ਹਾਂ ਦੀ ਸੰਗਤ ਮਾਨਣ ਦਾ ਨਿੱਘ ਪ੍ਰਾਪਤ ਹੋਇਆ। ਪਰ **ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਇਆ ਉਸਨੂੰ ਦੁਨਿਆਵੀ ਅਤੇ ਰੂਹਾਨੀ ਜਿੰਦਗੀ ਪ੍ਰਾਪਤ ਹੋਈ।**

ਅੱਜ ਭਾਈ ਸਾਹਿਬ ਨੂੰ ਸੰਸਾਰ ਛੱਡ ਕੇ ਗਿਆਂ ਲਗਭਗ ਚਾਲੀ (40) ਵਰ੍ਹੇ ਹੋ ਗਏ ਹਨ। ਪਰ ਉਨ੍ਹਾਂ ਦੀ ਘਾਟ ਨੂੰ ਪੂਰਿਆਂ ਕਰਨ ਵਾਲਾ ਕੋਈ ਰਾਗੀ ਨਹੀਂ ਪੈਦਾ ਹੋਇਆ ਅੱਜ ਬੇਸ਼ੁਮਾਰ ਕੀਰਤਨੀਏ ਪੈਦਾ ਹੋ ਗਏ ਹਨ ਜਿਨ੍ਹਾਂ ਨੇ ਕੀਰਤਨ ਨੂੰ ਧੰਦਾ ਬਣਾ ਲਿਆ ਹੈ। ਉਨ੍ਹਾਂ ਨੇ ਇਸ ਧੰਦੇ ਵਿੱਚੋਂ ਕਮਾਈ ਵੀ ਬਹੁਤ ਕੀਤੀ ਹੈ। ਮੀਡੀਆ ਦੇ ਰਾਹੀਂ ਆਪਣੀ ਪ੍ਰਸੰਸਾ, ਵਡਿਆਈ ਤੇ ਸ਼ੁਹਰਤ ਵੀ ਹਾਸਿਲ ਕਰ ਲਈ ਹੈ ਪਰ ਸੁਚੱਜੀ ਜੀਵਨ ਦਾਤ ਤੋਂ ਗੁਰਸਿੱਖੀ



ਜੀਵਨ ਜੀਉਣ ਤੋਂ ਉਹ ਵਾਂਝੇ ਹਨ।

ਗੁਰਮਤਿ ਸੰਗੀਤ ਜੋ ਭਾਈ ਸਮੁੰਦ ਸਿੰਘ ਜੀ ਨੇ ਦਿੱਤਾ ਉਨ੍ਹਾਂ ਦੇ ਵਾਰਸ ਬਣ ਕੇ ਉਨ੍ਹਾਂ ਦੀ ਕਮੀ ਨੂੰ ਦੂਰ ਕਰਨਾ ਅਜੋਕੇ ਕੀਰਤਨੀਆਂ ਦੇ ਹਿੱਸੇ ਘੱਟ ਆਇਆ। ਬਹੁਤ ਸਾਰੀਆਂ ਟਕਸਾਲਾਂ, ਅਕੈਡਮੀਆਂ ਤੇ ਸੰਗੀਤ ਵਿਦਿਆਲੇ ਵੀ ਪਰੰਪਰਾਵਾਦੀ ਟਕਸਾਲੀ ਕੀਰਤਨੀਏ ਪੈਦਾ ਕਰਨ ਤੋਂ ਅਸਮਰਥ ਸਾਬਿਤ ਹੋ ਰਹੇ ਹਨ।

ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵੀ ਸੰਗੀਤ ਦੀਆਂ ਡਿਗਰੀਆਂ ਤੇ ਡਿਪਲੋਮੇਂ ਤਾਂ ਦੇ ਰਹੀਆਂ ਹਨ ਪਰ ਟਕਸਾਲੀ, ਪਰੰਪਰਾਵਾਦੀ ਤੇ ਸੱਚੇ ਸੁੱਚੇ ਜੀਵਨ ਵਾਲੇ ਕੀਰਤਨੀਏ ਪੈਦਾ ਨਹੀਂ ਕਰ ਰਹੀਆਂ ਕਿਉਂਕਿ ਉਸਤਾਦ ਤੇ ਸ਼ਾਗਿਰਦ ਪਰੰਪਰਾ ਆਪਣੀ ਹੋਂਦ ਗੁਆ ਚੁੱਕੀ ਹੈ, ਸਿੱਖ ਕੌਮ ਲਈ ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਸਮੇਂ ਦੇ ਬੀਤਣ ਨਾਲ ਗੁਰਮੁਖੀ ਜੀਵਨ ਵਾਲੇ ਕੀਰਤਨੀਏ ਨਹੀਂ ਰਹੇ ਤੇ ਅੱਗੋਂ ਉਨ੍ਹਾਂ ਦੇ ਵਾਰਸ ਪੈਦਾ ਨਹੀਂ ਹੋ ਰਹੇ।

ਸੋ ਗੁਰਮਤਿ ਸੰਗੀਤ ਦੇ ਅਮੋਲਕ ਖਜ਼ਾਨੇ ਨੂੰ ਸਹੀ ਵਾਰਸਾਂ ਦੀ ਅਤਿਅੰਤ ਲੋੜ ਹੈ। ਅਕਾਲ ਪੁਰਖ ਮਿਹਰ ਕਰੇ ਤਾਂ ਕਿ ਸਿੱਖ ਕੌਮ ਨੂੰ ਰੱਬੀ ਰਹਿਮਤਾਂ ਨਾਲ ਭਰਪੂਰ ਪਰੰਪਰਾਵਾਦੀ ਕੀਰਤਨ ਸ਼ੈਲੀ ਦੇ ਮੁਦੱਈ ਕੀਰਤਨੀਏ ਨਸੀਬ ਹੋਣ।

## ਗਾਇਨ ਸ਼ੈਲੀ

**(ਭਾਈ ਸਮੁੰਦ ਸਿੰਘ ਜੀ)**

ਉੱਤਰੀ ਭਾਰਤ ਵਿੱਚ ਭਗਤੀ ਲਹਿਰ ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਵੈਦਿਕ ਕਾਲ ਤੋਂ ਉਪਾਸਨਾ ਦੇ ਰੂਪ ਵਿੱਚ ਪਰਵਾਹਿਤ ਹੋਈ। ਦੱਖਣੀ ਭਾਰਤ ਵਿੱਚ ਵੀ ਇਹ ਲਹਿਰ ਸਾਧਨਾ ਦੇ ਰੂਪ ਵਿੱਚ ਵਿਗਸੀ। ਸੰਤਾਂ ਮਹਾਤਮਾਵਾਂ ਨੇ ਆਪਣੇ-ਆਪਣੇ ਮਤ ਨੂੰ ਪ੍ਰਫੁੱਲਤ ਕਰਨ ਲਈ ਉਸ ਪ੍ਰਮਾਤਮਾ ਦੀ ਕੀਰਤੀ ਨੂੰ ਸੰਗੀਤਮਈ ਬੋਲ ਦਿੱਤੇ। ਗਿਆਨ ਯੋਗ ਤੇ ਕਰਮ ਯੋਗ ਦੇ ਧਾਰਨੀ ਭਗਤ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ, ਨੂੰ ਨਵੇਂ ਤੇ ਸੁਧਰੇ ਹੋਏ ਰੂਪ ਵਿੱਚ ਸੰਗੀਤ-ਬੱਧ ਕੀਤਾ।

ਗੁਰੂ ਨਾਨਕ ਸਾਹਿਬ ਜੀ ਦੀ ਆਵੰਦ ਨਾਲ ਨਿਰਬਾਣ ਕੀਰਤਨ-ਪੱਧਤੀ ਨੂੰ ਰਾਗ-ਸਵੱਰ ਤੇ ਕਾਵਿ-ਬਹਿਰ ਵਿੱਚ ਰੂਪਮਾਨ ਕਰਕੇ ਅਕਾਲ ਪੁਰਖ ਦੇ ਨਿਰਗੁਣ ਤੇ ਸਰਗੁਣ ਸਰੂਪ ਨੂੰ ਪ੍ਰੇਮਾ ਭਗਤੀ ਸਹਿਤ ਗਾਇਆ। ਉਨ੍ਹਾਂ ਦੁਆਰਾ ਆਰੰਭ ਕੀਤੀ ਕੀਰਤਨ ਪਰੰਪਰਾ ਦੇ ਵਿਕਾਸ ਲਈ ਗੁਰੂ ਅਰਜਨ ਸਾਹਿਬ ਜੀ ਨੇ ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਰਾਗ-ਰਤਨ ਤੇ ਵਿਧਾਨ ਅੰਦਰ ਅੰਕਿਤ ਕੀਤਾ। ਉਨ੍ਹਾਂ ਦਾ ਸਾਡੇ ਕਲਯੁਗੀ ਜੀਵਾਂ ਤੇ ਇੱਕ ਵੱਡਾ ਉਪਕਾਰ ਸੀ। ਜਿਸ ਨਾਲ ਕਠੋਰ ਤੋਂ ਕਠੋਰ ਮਨ ਵੀ ਅਕਾਲ ਪੁਰਖ ਨਾਲ ਜੁੜ ਸਕੇ।

ਗੁਰਬਾਣੀ ਵਿੱਚ ਸਪੱਸ਼ਟ ਕੀਤਾ ਗਿਆ ਹੈ:

**"ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥" (**958**)**



ਇਸ ਤਰ੍ਹਾਂ ਇੱਕ ਹੋਰ ਤੁਕ ਰਾਹੀਂ ਦਰਸਾਇਆ ਹੈ:

**"ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨਾ ਜਾਇ॥"** (ਅੰਗ :1423)

ਗੁਰੂ ਅਰਜਨ ਸਾਹਿਬ ਜੀ ਨੇ ਪ੍ਰਮਾਤਮਾ ਦੀ ਕੀਰਤੀ ਦਾ ਢੰਗ ਕੀਰਤਨ ਹੀ ਦੱਸਿਆ ਹੈ। ਉਨ੍ਹਾਂ ਨੇ ਕੀਰਤਨ ਨੂੰ ਨਿਰਮੋਲਕ ਹੀਰਾ ਦਾ ਨਾਮ ਦਿੱਤਾ। **'ਕਲਜੁਗ ਮਹਿ ਕੀਰਤਨ ਪ੍ਰਧਾਨਾ'** ਮੰਨਿਆ, **'ਤਹਾ ਬੈਕੁੰਠ, ਜਹ ਕੀਰਤਨੁ ਤੇਰਾ'** ਦੀ ਸ਼੍ਰੋਮਣੀ ਉੱਚਤਾ ਵੀ ਕੀਰਤਨ ਨੂੰ ਦਿੱਤੀ ਅਤੇ ਮੁਕਤੀ ਦਾ ਸਾਧਨ ਵੀ **"ਕਰਿ ਕੀਰਤਨ ਹੋਇ ਉਧਾਰ"** ਦੱਸਿਆ ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਕੀਰਤਨ ਉਹੀ ਵਿਅਕਤੀ ਕਰ ਸਕਦਾ ਹੈ ਜਿਸ ਤੇ ਅਕਾਲ ਪੁਰਖ ਦੀ ਰਹਿਮਤ ਹੋਵੇ। ਮਹਾਂਵਾਕ ਹੈ **"ਜਿਸ ਨੂੰ ਬਖ਼ਸ ਲੇਹਿ ਮੇਰੇ ਪਿਆਰੇ ਸੋ ਜਸ ਤੇਰਾ ਗਾਵੈ"** ਪਰ ਜਿਹੜਾ ਵੀ ਕੀਰਤਨੀਆਂ ਕੀਰਤਨ ਕਰਨ ਲੱਗ ਜਾਂਦਾ ਹੈ, ਗੁਰੂ ਅਰਜਨ ਸਾਹਿਬ ਜੀ ਨੇ ਉਸ ਦੀ ਵਡਿਆਈ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 885 ਤੇ ਅੰਕਿਤ ਕੀਤਾ ਹੈ:

**ਭਲੋ ਭਲੋ ਰੇ ਕੀਰਤਨੀਆ॥**

**ਰਾਮ ਰਮਾ ਰਾਮਾ ਗੁਨ ਗਾਉ॥**

**ਛੋਡਿ ਮਾਇਆ ਕੇ ਧੰਧ ਸੁਆਉ॥** (ਅੰਗ : 885)

ਵੀਹਵੀਂ ਸਦੀ ਦੇ ਆਰੰਭ ਵਿੱਚ ਗੁਰੂ ਸਾਹਿਬਾਨਾਂ ਦੁਆਰਾ ਅਰੰਭੀ ਕੀਰਤਨ ਪਰੰਪਰਾ ਨੂੰ ਪ੍ਰਚਾਰਨ, ਪ੍ਰਸਾਰਨ ਤੇ ਵਿਸਥਾਰ ਹਿੱਤ ਭਾਈ ਸਮੁੰਦ ਸਿੰਘ ਜੀ ਨੇ ਜਨਮ ਲਿਆ। ਉਨ੍ਹਾਂ ਨੂੰ ਕੀਰਤਨ ਦੀ ਗੁੜ੍ਹਤੀ ਘਰੋਂ ਹੀ ਪ੍ਰਾਪਤ ਹੋਈ। ਉਨ੍ਹਾਂ ਸੱਤ ਸਾਲ ਦੀ ਉਮਰ ਵਿੱਚ ਆਪਣੇ ਜਿੰਮੇਂ ਲਾਈ ਸੇਵਾ ਨੂੰ ਅਰੰਭਿਆ। ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਲਗਾਤਾਰ ਤੀਹ ਸਾਲ ਕੀਰਤਨ ਦੀ ਸੇਵਾ ਕੀਤੀ।

**ਗੁਰੂ ਨਾਨਕ ਸਾਹਿਬ ਜੀ ਨੇ ਅਜਿਹੀ ਕਲਾ ਵਰਤਾਈ ਕਿ ਗਾਇਕੀ ਦੇ ਪੱਖ ਤੋਂ ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ**

**ਮੰਨਦੇ ਸਨ।** ਉਨ੍ਹਾਂ ਸੀਨੇ ਦੇ ਜ਼ੋਰ ਨਾਲ ਗਾਉਣਾ। ਢਿੱਲੀ ਗਾਇਕੀ ਉਨ੍ਹਾਂ ਨੂੰ ਉੱਕੀ ਪਸੰਦ ਨਹੀਂ ਸੀ, ਤਾਨ ਪਲਟੇ ਤੇ ਲੈਅ ਦੇ ਧਨੀ ਸਨ, ਪਰ ਗਵਾਇਸ਼ ਨੂੰ ਕਦੀ ਹਾਵੀ ਨਹੀਂ ਸੀ ਹੋਣ ਦਿੰਦੇ। ਉਹ ਕਹਿੰਦੇ ਸਨ "ਗੁਰਬਾਣੀ ਦਾ ਸਥਾਨ ਉੱਚਾ ਹੈ। ਰਾਗ ਗੁਰਬਾਣੀ ਦਾ ਰੱਥ ਹੈ। ਉਸਨੂੰ ਜਿੰਨਾ ਸੰਵਾਰੋਗੇ, ਓਨਾ ਹੀ ਰਸ ਵਧੇਗਾ।"

**ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁੱਟ ਖਜ਼ਾਨਾ ਸੀ। ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਗਲੇ ਦੀ ਹਰਕਤ, ਤਾਨ ਦੀ ਸਫ਼ਾਈ, ਬੋਲ ਵੰਡ ਆਦਿ ਉਨ੍ਹਾਂ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ।** ਆਪ ਕੀਰਤਨ ਨੂੰ ਠੁਮਰੀ ਅੰਗ ਵਿੱਚ ਗਾਇਨ ਕਰਨ ਵਿੱਚ ਪ੍ਰਬੀਨ ਸਨ। ਆਪ ਇੱਕੋ ਹੀ ਸ਼ਬਦ ਨੂੰ ਵੱਖ ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿੱਚ ਗਾਇਨ ਕਰਨ ਦੇ ਸਮਰੱਥ ਸਨ। ਕੀਰਤਨ ਸ਼ੈਲੀ ਦੇ ਨਾਲ-ਨਾਲ ਬਾਣੀ ਦੀ ਸੂਝ, ਸ਼ੁੱਧ ਤੇ ਸਪੱਸ਼ਟ ਉਚਾਰਨ ਤੇ ਬਾਣੀ ਦੀ ਵਿਆਖਿਆ ਸੰਗਤਾਂ ਨੂੰ ਕੀਲ ਲੈਂਦੀ।

ਭਾਈ ਸਾਹਿਬ ਨੇ ਆਪਣੇ ਸਮੇਂ ਦੌਰਾਨ ਚੀਫ਼ ਖਾਲਸਾ ਦੀਵਾਨ ਦੀਆਂ ਕਾਨਫਰੰਸਾਂ, ਧਾਰਮਿਕ ਸਮਾਗਮਾਂ ਤੇ ਕੀਰਤਨ ਦਰਬਾਰਾਂ ਵਿੱਚ ਗਾ ਕੇ ਕਾਫ਼ੀ ਸਨਮਾਨ ਪ੍ਰਾਪਤ ਕੀਤੇ। ਉਹ ਬਾਣੀ ਦੀ ਚੋਣ, ਸਮੇਂ ਅਤੇ ਸਥਾਨ ਮੁਤਾਬਿਕ ਕਰਦੇ ਸਨ। ਇਹ ਚੋਣ ਹਮੇਸ਼ਾਂ ਹੀ ਢੁੱਕਵੀਂ ਹੁੰਦੀ। ਉਨ੍ਹਾਂ ਦੇ ਮਨ ਭਾਉਂਦੇ ਰਾਗ ਸੋਰਠਿ, ਮੁਲਤਾਨੀ, ਕਾਫੀ, ਭੈਰਵੀ, ਮਾਂਡ, ਦਰਬਾਰੀ, ਆਸਾਵਰੀ ਤੇ ਬਹਾਰ ਸਨ।

ਭਾਈ ਸਾਹਿਬ ਦਾ ਕੀਰਤਨ ਕਰਨ ਦਾ ਢੰਗ ਨਿਵੇਕਲਾ ਤੇ ਵਿਲੱਖਣ ਸੀ। ਗਲੇ ਦਾ ਸੁਰੀਲਾਪਨ, ਬਾਣੀ ਦੀ ਸ਼ੁੱਧਤਾ, ਰਾਗ ਦੀ ਮਿਠਾਸ ਤੇ ਚਿਹਰੇ ਦਾ ਟਿਕਾਅ ਹਰ ਇੱਕ ਨੂੰ ਮੋਹ ਲੈਂਦਾ। **ਇਸੇ ਕਰਕੇ ਹਰ ਫਿਰਕੇ ਦੇ ਲੋਕ ਉਨ੍ਹਾਂ ਨੂੰ ਬੜੀ ਖੁਸ਼ੀ ਨਾਲ ਸੁਣਦੇ, ਰਸ ਮਾਣਦੇ ਤੇ ਸਲਾਹੁੰਦੇ ਸਨ। ਆਪ ਦੇ ਪ੍ਰਸੰਸ਼ਕਾਂ ਵਿੱਚ ਹਰ ਫਿਰਕੇ, ਹਰ ਮਜ਼ਬ ਤੇ ਹਰ ਉਮਰ ਦੇ ਸਰੋਤਾ ਸਨ।** ਇੰਨੀ ਵਡਿਆਈ ਤੇ ਪ੍ਰਸੰਸਾ ਪਿਛੇ ਉਨ੍ਹਾਂ ਦੀ ਸਾਧਨਾ ਸੀ।

ਉਨ੍ਹਾਂ ਦਾ ਸ਼ਾਹਕਾਰ (Master Piece) ਸ਼ਬਦ '**ਭਿੰਨੀ ਰੈਨੜੀਐ**



**ਚਾਮਕਨਿ ਤਾਰੇ**' ਸੋਰਠਿ ਰਾਗ ਵਿੱਚ ਸੀ। ਹੋਰ ਮਨਪਸੰਦ ਸ਼ਬਦ ਜੋ ਉਹ ਬਹੁਤ ਵਾਰ ਗਾਉਂਦੇ ਸਨ, ਰਾਗ ਬਿਹਾਗੜੇ ਵਿੱਚੋਂ, '**ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ**' ਅਤੇ ਰਾਗ ਕਲਿਆਣ ਵਿੱਚੋਂ, '**ਮੋਹਿ ਕਬ ਗਲਿ ਲਾਵਹਿਗੇ**' ਸੋਰਠਿ ਰਾਗ ਵਿੱਚ ਹੀ '**ਪ੍ਰਭ ਜੀਉ ਖਸਮਾਨਾ ਕਰਿ ਪਿਆਰੇ', 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ**' ਸ਼ਬਦ ਚੌਦਾਂ ਮਾਤਰਾਂ ਵਿੱਚ ਹਮੀਰ ਵਿੱਚ ਗਾਉਂਦੇ ਸਨ। '**ਧੰਨੁ ਸੁ ਦੇਸੁ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ**' ਸਿੰਧ ਭੈਰਵੀ ਵਿੱਚ ਗਾਇਆ। '**ਕਿਉ ਜੀਵਨੁ ਪ੍ਰੀਤਮ ਬਿਨੁ ਮਾਈ**' ਹਮੀਰ ਵਿੱਚ, ਸੰਗਤਾਂ ਵਿੱਚ ਬਹੁਤ ਪ੍ਰਚਲਿਤ ਹੋਏ।


ਪ੍ਰਭਾਤ ਵੇਲੇ ਦੇ ਰਾਗਾਂ ਵਿੱਚੋਂ ਉਹਨਾਂ ਨੂੰ ਰਾਮਕਲੀ, ਅਹੀਰ-ਭੈਰਉ, ਆਸਾਵਰੀ ਤੇ ਪ੍ਰਭਾਤੀ ਪਸੰਦ ਸਨ, ਇਹਨਾਂ ਰਾਗਾਂ ਵਿੱਚ ਉਨ੍ਹਾਂ ਦੀ ਸ਼ਬਦ ਗਾਇਕੀ ਬਹੁਤ ਸਲਾਹੀ ਜਾਂਦੀ। ਨਾਨਕ ਨਾਮ ਜਹਾਜ਼ ਹੈ ਫਿਲਮ ਵਿੱਚ ਰਾਗ ਬਹਾਰ ਵਿੱਚ ਗਾਏ ਸ਼ਬਦ '**ਕਲਿ ਤਾਰਣ ਗੁਰੁ ਨਾਨਕ ਆਇਆ**' ਸ਼ਬਦ ਨੇ ਉਨ੍ਹਾਂ ਨੂੰ ਲੱਖਾਂ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਬਣਾ ਦਿੱਤਾ।

**ਉਨ੍ਹਾਂ ਦੀ ਗਾਇਕੀ ਦੀ ਕਲਾ ਇਥੋਂ ਤੱਕ ਹੁਨਰਮਈ ਸੀ ਕਿ ਕਈ ਵਾਰ ਉਹ ਸ਼ਬਦ ਨੂੰ ਗਾਉਂਦੇ ਗਾਉਂਦੇ ਵਿੱਚੋਂ ਹੀ ਰਾਗ ਨੂੰ ਬਦਲ ਦਿੰਦੇ ਪਰ ਸ਼ਬਦ ਦੀ ਨਿਰੰਤਰਤਾ ਨੂੰ ਭੰਗ ਨਹੀਂ ਸੀ ਹੋਣ ਦਿੰਦੇ।** ਕਈ ਵਾਰ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿੱਚ ਸ਼ੁਰੂ ਕਰਦੇ। ਸ਼ਬਦ ਗਾਉਂਦਿਆਂ ਤੇ ਮਸਤੀ ਵਿੱਚ ਝੂਮਦਿਆਂ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਕਿ ਪਹੁ ਫੁਟਾਲਾ ਹੋ ਗਿਆ ਹੈ ਤਾਂ ਆਸਾ ਰਾਗ ਦੇ ਸੁਰ ਭੈਰਵ ਰਾਗ ਵਿੱਚ ਬਦਲ ਲੈਂਦੇ ਤੇ ਉਹੀ ਭੈਰਵ ਵਕਤ ਬਦਲਣ ਨਾਲ ਭੈਰਵੀ ਰੰਗ ਵਿੱਚ ਆ ਜਾਂਦਾ।

ਉਨ੍ਹਾਂ ਦੀ ਇੱਕ ਖੂਬੀ ਇਹ ਵੀ ਸੀ ਕਿ **ਉਹ ਸ਼ਬਦ ਆਰੰਭ ਤੋਂ ਪਹਿਲਾਂ ਵਿਲੰਬਤ ਇੱਕ ਤਾਲ ਵਿੱਚ ਮੰਗਲਾਚਰਨ ਕਰਦੇ ਜਿਸ ਰਾਹੀਂ ਰਾਗ ਦਾ ਸਰੂਪ ਸੁੱਤੇ ਸਿੱਧ ਪ੍ਰਗਟ ਹੋ ਜਾਂਦਾ ਤੇ ਕੀਰਤਨ ਦਾ ਮਾਹੌਲ ਸਿਰਜਿਆ ਜਾਂਦਾ।** ਆਪ ਖਿਆਲ ਗਾਇਕੀ ਤੋਂ ਇਲਾਵਾ ਧਰੁਪਦ-ਧੁਮਾਰ



**ਟੈਗੋਰ ਥੀਏਟਰ ਚੰਡੀਗੜ੍ਹ, ਮਾਰਚ 1968 (ਭਾਈ ਮਰਦਾਨਾ ਅਵਾਰਡ ਸਮੇਂ)**
**ਨਾਲ ਭਾਈ ਗੁਰਬਚਨ ਸਿੰਘ ਵਾਜੇ ਤੇ, ਭਾਈ ਪਿਆਰਾ ਸਿੰਘ ਜੋੜੀ ਤੇ,**
**ਪਰਮਜੋਤ ਸਿੰਘ ਸਿੰਘ ਤੇ ਸਵਰਨ ਸਿੰਘ ਪਿੱਛੇ ਤਾਨਪੁਰੇ ਤੇ**



ਸ੍ਵਰਗੀਯ ਭਾਈ ਸਾਹਿਬ ਸਮੁੰਦ ਸਿੰਘ ਜੀ ਆਪਣੇ ਸਮਯ ਦੇ
ਬੜੇ ਲੋਕਪ੍ਰਿਯ ਤੇ ਕਾਮਯਾਬ ਕੀਰਤਨ ਕਾਰ ਸਨ। ਦੂਸਰਿਆਂ ਸੰਗੀਤ
ਕਲਾਕਾਰਾਂ ਦੀ ਵੀ ਬੜੀ ਇਜ਼ਤ ਕਰਦੇ ਸਨ। ਉਨ੍ਹਾਂ ਨੂੰ ਆਪ ਦਾ
ਆਲ ਮਿੱਤ੍ਰ ਕਹਕੇ ਮੈਂ ਗੌਰਵਿਕ ਪ੍ਰਸੰਨਤਾ ਅਨੁਭਵ ਕਰਦਾ ਹਾਂ।
ਉਹਨਾਂ ਨੂੰ ਯਾਦ ਕਰਨਾ ਤੇ ਉਹਨਾਂ ਦੀ ਦਿਨ ਮਨਾਉਣਾ ਬੜਾ ਜ਼ਰੂਰੀ ਹੈ।
ਸੰਗੀਤ ਸੇਵਕ
ਦਿ. ਚੰ. ਬੇਦੀ
17/5/91

**ਸੰਗੀਤ ਅਚਾਰੀਆ ਸ੍ਰੀ ਦਲੀਪ ਚੰਦਰ ਬੇਦੀ ਦੀ ਹੱਥ ਲਿਖਤ**
**ਭਾਈ ਸਾਹਿਬ ਬਾਰੇ ਵਿਚਾਰ**



ਵੀ ਬੜੀ ਕੁਸ਼ਲਤਾ ਨਾਲ ਗਾ ਲੈਂਦੇ ਸਨ। ਕੀਰਤਨ ਗਾਇਨ ਕਰਦੇ ਸਮੇਂ ਸਰੀਰ ਦੀ ਅਡੋਲਤਾ ਤੇ ਚਿਹਰੇ ਦੀ ਦਿੱਖ ਵਿੱਚ ਕੋਈ ਬਦਲਾਵ ਨਾ ਲਿਆਉਂਦੇ।

ਉਨ੍ਹਾਂ ਦੀ ਕੀਰਤਨ ਸ਼ੈਲੀ ਦੀ ਵਿਲੱਖਣਤਾ ਇਸ ਪੱਖੋਂ ਵੀ ਮੰਨੀ ਜਾਂਦੀ ਸੀ ਕਿ **ਉਹ ਵੱਡੇ ਤਾਲ ਨੌਂ, ਗਿਆਰਾਂ, ਤੇਰਾਂ, ਅਠਾਰਾਂ, ਆੜਾ ਚੌਤਾਲਾ ਤੇ ਫਰੋਦਸਤ ਵਿੱਚ ਵੀ ਬੰਦਸ਼ਾਂ ਦਾ ਗਾਇਨ ਕਰਦੇ ਸਨ।** ਤਬਲਾ ਮੱਧ ਸਪਤਕ ਸਾ ਤੇ ਮਿਲਾਉਂਦੇ ਤੇ ਇੰਜ ਪ੍ਰਤੀਤ ਹੁੰਦਾ ਜਿਵੇਂ ਨਾਲ ਤਾਨਪੁਰਾ ਵੱਜ ਰਿਹਾ ਹੋਵੇ।

ਸ੍ਰੀ ਦਲੀਪ ਚੰਦਰ ਬੇਦੀ (ਸੰਗੀਤ ਅਚਾਰਿਯ) ਵੀ ਆਪ ਦੀ ਗਾਇਕੀ ਤੋਂ ਬੁਹਤ ਪ੍ਰਭਾਵਿਤ ਸਨ। ਉਨ੍ਹਾਂ ਨੇ ਵੀ ਆਪ ਨੂੰ ਸਵੱਰ ਦਾ ਬਾਦਸ਼ਾਹ ਤੇ ਬਹਿਰੇ-ਮੌਸੀਕੀ ਕਹਿ ਕੇ ਸਲਾਹਿਆ।

ਭਾਈ ਸਾਹਿਬ ਨੇ ਗੁਰੂ ਕੀ ਬਾਣੀ ਨੂੰ ਗਾਵਿਆ, ਸਲਾਹਿਆ ਤੇ ਵਡਿਆਇਆ। ਇਸੇ ਸਦਕਾ ਉਹ ਵੀ ਗੁਰੂ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੇ। ਸੰਤਾਂ ਨੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ, ਸੰਗਤਾਂ ਨੇ ਪਿਆਰ ਤੇ ਪਰਿਵਾਰਕ ਜੀਵਾਂ ਨੇ ਸਤਿਕਾਰ ਦਿੱਤਾ।

ਪੰਜਾਬ ਸਰਕਾਰ ਨੇ ਆਪ ਨੂੰ ਸਰਵ ਉੱਤਮ ਰਾਗੀ ਕਬੂਲ ਕਰਦਿਆਂ ਦੋ ਵਾਰੀ ਭਾਈ ਮਰਦਾਨਾ ਐਵਾਰਡ ਦੇ ਕੇ ਸਨਮਾਨਿਆ।

ਭਾਈ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਵੱਡਮੁੱਲੇ ਵਰ੍ਹੇ ਕੀਰਤਨ ਦੀ ਸੇਵਾ ਕਰਦਿਆਂ ਗੁਜ਼ਾਰੇ। ਉਨ੍ਹਾਂ ਲਗਭਗ ਪੈਂਹਠ (65) ਸਾਲ ਕੀਰਤਨ ਦੀ ਸੇਵਾ ਨਿਭਾਈ।

ਭਾਈ ਸਾਹਿਬ ਉਸ ਪੀੜ੍ਹੀ ਦੇ ਸਿਰਮੌਰ ਕੀਰਤਨੀਏ ਹੋਏ ਹਨ। ਜਿਨ੍ਹਾਂ ਕੀਰਤਨ ਦੀ ਪਰੰਪਰਾਗਤ ਸ਼ੈਲੀ ਨੂੰ ਪ੍ਰਚਾਰਿਆ ਪਰ ਉਨ੍ਹਾਂ ਦੇ ਜਾਣ ਨਾਲ ਕੀਰਤਨ ਦੀ ਅਮੀਰ ਸ਼ੈਲੀ ਨੂੰ ਬਹੁਤ ਧੱਕਾ ਲਗਾ। ਅੱਜ ਦਾ ਪ੍ਰਚਲਿਤ ਕੀਰਤਨ ਭੈਰਵੀ ਤੇ ਪਹਾੜੀ ਕੁਝ ਰਾਗਾਂ ਵਿੱਚ ਹੀ ਕੈਹਰਵਾ, ਦਾਦਰਾ ਤਾਲ

ਤੱਕ ਸੀਮਿਤ ਹੋ ਕੇ ਰਹਿ ਗਿਆ ਹੈ। ਹਰ ਸੰਜੀਦਾ ਸੋਚ ਰੱਖਣ ਵਾਲਾ ਪਾਰਖੂ ਇਹ ਅੰਦਰੋਂ ਪੀੜ ਮਹਿਸੂਸ ਕਰਦਾ ਹੈ ਕਿ ਲੋਕ ਧੁਨਾਂ ਤੇ ਫਿਲਮੀ ਤਰਜਾਂ ਤੇ ਆਧਾਰਿਤ ਸ਼ਬਦ ਕੀਰਤਨ ਨੂੰ ਅਪਣਾ ਕੇ ਕੀਰਤਨ ਦੀ ਅਮੀਰ ਵਿਰਸੇ ਨਾਲੋਂ ਵਿੱਥ ਥਾਪ ਦਿੱਤੀ ਗਈ ਹੈ।

ਜਾਗਤ ਜੋਤ ਸ਼ਬਦ ਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਜਾਣ ਕੇ ਸ਼ਬਦ ਦੁਆਰਾ ਰਾਗ ਦੇ ਸਰੂਪ ਨੂੰ ਅਲਾਪਣ ਤੇ ਵਾਤਾਵਰਣ ਦੀ ਉਸਾਰੀ ਹੀ ਅਸਲੀ ਕੀਰਤਨ ਹੈ ਜੋ ਭਾਈ ਸਾਹਿਬ ਨੇ ਦਿੱਤਾ। ਉਨ੍ਹਾਂ ਰਾਗ ਨੂੰ ਸ਼ਬਦ ਦੀ ਅੰਤਰ ਆਤਮਾ ਤੱਕ ਉਤਾਰਨ ਦਾ ਵਸੀਲਾ ਬਣਾਇਆ। ਕਿੰਨਾ ਚੰਗਾ ਹੋਵੇ ਜੇ ਅਜੋਕੇ ਰਾਗੀਆਂ ਦੀ ਪਕੜ ਵਿੱਚ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦੀ ਸ਼ੈਲੀ ਆ ਸਕੇ ਤੇ ਉਹ ਵੀ ਉਨਾ ਹੀ ਸੰਗਤਾਂ ਦਾ ਪਿਆਰ ਤੇ ਸਤਿਕਾਰ ਹਾਸਿਲ ਕਰ ਸਕਣ।



## ਗੁਰੂ ਘਰ ਦੇ ਸਮਕਾਲੀ ਰਾਗੀਆਂ ਦੀ ਕਤਾਰ ਵਿੱਚ

ਸਿੱਖ ਧਰਮ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਕੀਰਤਨ ਦੀ ਮਰਿਯਾਦਾ ਪ੍ਰਚਲਤ ਹੋ ਗਈ। ਦੇਸ਼-ਦੇਸ਼ਾਂਤਰਾਂ ਦੇ ਰਟਣ ਸਮੇਂ ਜਿਥੇ ਹੀ ਸਮਾਂ ਬਣਿਆਂ ਗੁਰੂ ਸਾਹਿਬ ਨੇ ਜੀਵਾਂ ਦਾ ਉਧਾਰ ਕੀਤਾ। ਸਭ ਤੋਂ ਪਹਿਲੇ ਕੀਰਤਨੀਏ ਭਾਈ ਮਰਦਾਨਾ ਜੀ (ਰਬਾਬੀ) ਸਨ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਭਾਈ ਸਜਾਦਾ ਤੇ ਰਜਾਦਾ ਜੀ ਨੇ ਸੇਵਾ ਨਿਭਾਈ। ਫਿਰ ਭਾਈ ਸਾਦੂ ਤੇ ਬਾਦੂ ਜੀ ਨੇ ਗੁਰੂ ਅੰਗਦ ਸਾਹਿਬ ਜੀ ਵੇਲੇ ਗੁਰੂ ਘਰ ਦੀ ਸੇਵਾ ਕੀਤੀ। ਇਨ੍ਹਾਂ ਦੇ ਪੁੱਤਰ ਸੱਤਾ ਤੇ ਬਲਵੰਡ ਸਨ। ਰਬਾਬੀ ਕਿਉਂਕਿ ਗੁਰੂ ਘਰ ਵਿੱਚ ਕੀਰਤਨ ਪੀੜ੍ਹੀ ਦਰ ਪੀੜ੍ਹੀ ਕਰਦੇ ਆਏ ਸਨ, ਇਸ ਕਰਕੇ ਉਨ੍ਹਾਂ ਦੀ ਕੀਰਤਨ ਸ਼ੈਲੀ ਵਿੱਚ ਨਿਖਾਰ ਆਉਂਦਾ ਗਿਆ ਤੇ ਉਹ ਕੀਰਤਨ ਮੁਹਾਰਤ ਹਾਸਿਲ ਕਰਦੇ ਗਏ। ਗੁਰੂ ਅਰਜਨ ਸਾਹਿਬ ਜੀ ਵੇਲੇ ਜਦੋਂ ਸਮੇਂ ਦੇ ਰਬਾਬੀ ਭਾਈ ਸੱਤਾ ਤੇ ਬਲਵੰਡ ਗੁਰੂ ਘਰ ਤੋਂ ਰੁੱਸ ਗਏ ਤਾਂ ਗੁਰੂ ਸਾਹਿਬ ਨੇ ਗੁਰਬਾਣੀ ਕੀਰਤਨ ਦੀ ਦਾਤ ਸਿੱਖ ਸੰਗਤਾਂ ਦੀ ਝੋਲੀ ਪਾ ਦਿੱਤੀ।

ਸਿੰਘ ਸਭਾ ਦੇ ਆਰੰਭ ਹੋਣ ਨਾਲ ਸਿੱਖਾਂ ਵਿੱਚ ਕੀਰਤਨ ਦੀ ਲਹਿਰ ਪ੍ਰਚੰਡ ਰੂਪ ਧਾਰਨ ਕਰ ਗਈ। ਇਸ ਲਹਿਰ ਅਧੀਨ ਕੀਰਤਨੀਆਂ ਲਈ ਸਿੱਖ ਰਹਿਤ ਮਰਿਯਾਦਾ ਦਾ ਧਾਰਨੀ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਤਾਂ ਰਬਾਬੀ ਕੀਰਤਨੀਏ ਜੋ ਰਾਗ ਤਾਲ ਵਿੱਚ ਨਿਪੁੰਨਤਾ ਤਾਂ ਰੱਖਦੇ ਸਨ ਪਰ ਅੰਮ੍ਰਿਤਧਾਰੀ ਨਾ ਹੋਣ ਕਰਕੇ ਇਸ ਸੇਵਾ ਤੋਂ ਮੁਕਤ ਕਰ ਦਿੱਤੇ ਗਏ ਪਰ ਜਿਨ੍ਹਾਂ ਰਬਾਬੀਆਂ ਨੇ ਸਿੱਖੀ ਤੇ ਸਿੱਖ ਸਿਧਾਂਤਾਂ ਨੂੰ ਧਾਰਨ ਕਰ ਲਿਆ ਉਨ੍ਹਾਂ ਦੀ ਸੇਵਾ ਪ੍ਰਵਾਨ ਕਰ ਲਈ ਗਈ।

ਵੀਹਵੀਂ ਸਦੀ ਦੇ ਦੌਰ ਵਿੱਚ ਭਾਈ ਕਿਸ਼ਨ ਸਿੰਘ ਜੋ ਦਰਬਾਰ ਸਾਹਿਬ ਵਿੱਚ ਆਸਾ ਜੀ ਦੀ ਵਾਰ ਦੀ ਚਉਕੀ ਭਰਿਆ ਕਰਦੇ ਸਨ। ਰਬਾਬੀ ਭਾਈ ਚਾਂਦ, ਭਾਈ ਤਾਬਾ ਤੇ ਭਾਈ ਝਾਲ ਜੀ ਵੀ ਉਦੋਂ ਕੀਰਤਨ ਕਰਦੇ ਸਨ। ਬਾਬਾ ਸ਼ਾਮ ਸਿੰਘ ਜੀ ਨੇ ਲਗਭਗ ਪੌਣੀ ਸਦੀ ਕੀਰਤਨ ਦੀ ਸੇਵਾ ਨਿਭਾਈ।

1947 ਦੀ ਵੰਡ ਸਮੇਂ ਰਬਾਬੀ ਪਾਕਿਸਤਾਨ ਚਲੇ ਗਏ ਤੇ ਕੁਝ ਕੁ ਸਿੱਖ ਰਾਗੀ ਜੱਥੇ ਅੱਗੇ ਆਏ। ਕਲਾ ਕੁਸ਼ਲਤਾ ਦੇ ਪੱਖੋਂ ਭਾਈ ਸੁੰਦਰ ਸਿੰਘ ਆਟਾ ਮੰਡੀ ਵਾਲੇ ਮਹੰਤ ਗੱਜਾ ਸਿੰਘ ਪਟਿਆਲੇ ਵਾਲਿਆਂ ਨੇ ਕੀਰਤਨ ਦੀ ਸੇਵਾ ਕੀਤੀ। ਆਮ ਤੌਰ ਤੇ ਉਸ ਸਮੇਂ ਦੌਰਾਨ ਸੰਗੀਤ ਆਚਾਰਿਯ ਦੁਆਰਾ ਇਹ ਸਮਝਿਆ ਜਾਂਦਾ ਸੀ ਕਿ ਸਿੱਖ ਰਾਗੀ ਬਾਣੀ ਤੋਂ ਵਾਕਫ਼ ਹਨ ਪਰ ਰਾਗਾਂ ਤੋਂ ਅਣਜਾਣ ਹਨ। ਪਰ ਭਾਈ ਸੁੰਦਰ ਸਿੰਘ ਜੀ ਨੇ ਇਹ ਭੁਲੇਖਾ ਦੂਰ ਕਰ ਦਿੱਤਾ।

**ਭਾਈ ਗੱਜਾ ਸਿੰਘ ਪਟਿਆਲੇ ਰਾਜ ਘਰਾਣੇ ਦੇ ਸ਼ਾਹੀ ਰਾਗੀ ਹੋਏ ਹਨ ਉਨ੍ਹਾਂ ਮੈਕਾਲਫ ਦੇ ਅਨੁਰੋਧ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਰਾਗ ਗਾ ਕੇ ਸੁਣਾਏ।**

ਵੀਹਵੀਂ ਸਦੀ ਨੇ ਕਈ ਰਾਗੀਆਂ ਨੂੰ ਜਨਮ ਦਿੱਤਾ। ਭਾਈ ਹੀਰਾ ਸਿੰਘ, ਭਾਈ ਸ਼ੁੱਧ ਸਿੰਘ, ਪ੍ਰਧਾਨ ਸਿੰਘ, ਸੰਤ ਸੁਜਾਨ ਸਿੰਘ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਸੰਤਾ ਸਿੰਘ ਚਮਕ, ਭਾਈ ਧਰਮ ਸਿੰਘ ਜ਼ਖਮੀ, ਭਾਈ ਮਿਹਰ ਸਿੰਘ ਤੇ ਭਾਈ ਬਖਸ਼ੀਸ਼ ਸਿੰਘ ਅਜਿਹੇ ਰਾਗੀ ਸਨ ਜਿਨ੍ਹਾਂ ਨੇ ਕੀਰਤਨ ਦੁਆਰਾ ਸਰੋਤਿਆਂ ਤੇ ਸੰਗਤਾਂ ਦੀ ਸੁਰਤੀ ਨੂੰ ਅਡੋਲ ਰੱਖਦਿਆਂ ਕੀਰਤਨ ਦੀ ਕਲਾ ਨੂੰ ਸਿਖਰ ਤੇ ਪਹੁੰਚਾਇਆ, ਇਨ੍ਹਾਂ ਨੇ ਰਾਗਾਂ ਵਿੱਚ ਨਿਯਮਬੱਧ ਰੀਤਾਂ ਨਾਲ ਗੁਰਬਾਣੀ ਦਾ ਕੀਰਤਨ ਕੀਤਾ ਤੇ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।



ਗੁਰੂ ਘਰ ਵਿੱਚ ਕੀਰਤਨ ਦੀਆਂ ਬਹੁਤ ਸਾਰੀਆਂ ਪ੍ਰਣਾਲੀਆਂ ਪ੍ਰਚਲਿਤ ਹੋਈਆਂ। ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਪਰੰਪਰਾਵਾਦੀ ਕੀਰਤਨ ਪੱਧਤੀ ਪ੍ਰਚਲਿਤ ਹੋਈ। ਇਸ ਪੱਧਤੀ ਅਧੀਨ ਕੀਰਤਨ ਚੌਕੀਆਂ ਲਗਦੀਆਂ ਹਨ। ਇਸ ਤੋਂ ਇਲਾਵਾ ਵੱਖ ਵੱਖ ਰਾਗੀਆਂ ਦੁਆਰਾ ਵੱਖ-ਵੱਖ ਅੰਦਾਜ਼ ਤੋਂ ਭਿੰਨ-ਭਿੰਨ ਪੱਧਤੀਆਂ ਰਾਹੀਂ ਕੀਰਤਨ ਹੋਣ ਲੱਗਾ। ਵੱਖ-ਵੱਖ ਗੁਰਦੁਆਰਿਆਂ ਡੇਰਿਆਂ ਤੇ ਠਾਠਾਂ ਵਿੱਚ ਭਿੰਨ ਭਿੰਨ ਪੱਧਤੀ ਦਾ ਕੀਰਤਨ ਕੀਤਾ ਜਾਂਦਾ ਰਿਹਾ। ਜਿਨ੍ਹਾਂ ਵਿੱਚ ਵਿਆਖਿਆ ਪ੍ਰਧਾਨ, ਸ਼ਬਦ ਰੀਤ ਪ੍ਰਧਾਨ ਤੇ ਰਾਗ ਵਿਧਾਨ ਪ੍ਰਧਾਨ ਹੈ। ਇਨ੍ਹਾਂ ਪੱਧਤੀਆਂ ਨੂੰ ਵੱਖ ਵੱਖ ਰਾਗੀਆਂ ਨੇ ਆਪਣੇ ਢੰਗ ਨਾਲ ਅਪਣਾਇਆ।

**ਗੁਰੂ ਅਰਜਨ ਦੇਵ ਜੀ ਨੇ ਭਲੋ ਭਲੋ ਰੇ ਕੀਰਤਨੀਆਂ ਦਾ ਅਸ਼ੀਰਵਾਦ ਰਾਗੀ ਸਿੰਘਾਂ ਨੂੰ ਦਿੱਤਾ।** ਕੁਝ ਕੁ ਅਜਿਹੇ ਗੁਰੂ ਘਰ ਵਲੋਂ ਵਰੋਸਾਏ ਕੀਰਤਨੀਏ ਹੋਏ ਹਨ ਜਿਨ੍ਹਾਂ ਗੁਰੂ ਘਰ ਦੀਆਂ ਅਗੰਮੀ ਖੁਸ਼ੀਆਂ ਵੀ ਹਾਸਿਲ ਕੀਤੀਆਂ ਤੇ ਸੰਗਤਾਂ ਦਾ ਅਤੁੱਟ ਪਿਆਰ ਵੀ।

**ਭਾਈ ਸਾਈਂ ਦਿੱਤਾ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਸਨ।** ਇਨ੍ਹਾਂ ਦੀ ਕੀਰਤਨ ਸ਼ੈਲੀ ਬਾਰੇ ਅਜਿਹਾ ਲੋਕ ਵਿਸ਼ਵਾਸ ਸੀ ਕਿ **ਜਦੋਂ ਉਹ ਮਲ੍ਹਾਰ ਰਾਗ ਗਾਉਂਦੇ ਸਨ ਤਾਂ ਮੀਂਹ ਜ਼ਰੂਰ ਪੈਂਦਾ ਸੀ।** ਉਹ ਮੁਸਲਮਾਨ ਰਬਾਬੀ ਸਨ ਪਰ ਉਨ੍ਹਾਂ ਨੇ ਕਈ ਨਾਮੀ ਰਾਗੀਆਂ ਨੂੰ ਰਾਗ ਵਿਦਿਆ ਸਿਖਾਈ। ਉਹ ਨਿਰੰਤਰ ਕੀਰਤਨ ਕਰਦੇ ਸਨ।

ਭਾਈ ਚਾਂਦ ਜੀ ਕੀਰਤਨ ਕਰਨ ਸਮੇਂ ਪ੍ਰਮਾਣਾ ਦੀ ਝੜੀ ਲਾ ਦਿੰਦੇ ਸਨ। ਉਹ ਇੱਕ ਸ਼ਬਦ ਦਾ ਕੀਰਤਨ ਇੱਕ ਘੰਟਾ ਕਰਦੇ ਸਮੇਂ ਅੱਠ ਦਸ ਘੰਟੇ ਤਿਆਰੀ ਕਰਦੇ, ਪ੍ਰਮਾਣ ਯਾਦ ਕਰਦੇ ਤੇ ਸੁਣਾਉਂਦੇ, ਸੰਗਤਾਂ ਅਡੋਲ ਕੀਰਤਨ ਸੁਣਦੀਆਂ ਤੇ ਪਿਛੋਂ ਮਾਇਆ ਦੇ ਗੱਫੇ ਬਖ਼ਸਦੀਆਂ।

ਉਹ ਆਪ ਕਹਿੰਦੇ ਸਨ ਕਿ ਮੇਰੀ ਮਿਹਨਤ ਦੀ ਕੀਮਤ ਸੰਗਤਾਂ ਨਾਲੋ ਨਾਲ ਚੁਕਾਉਂਦੀਆਂ ਹਨ।

ਭਾਈ ਸੰਤਾ ਸਿੰਘ ਜੀ ਸੰਗੀਤ ਵਿਦਿਆ ਦੇ ਧਨੀ ਕੀਰਤਨੀਏ ਸਨ। ਪੁਰਾਤਨ ਕੀਰਤਨੀਏ ਆਪ ਨੂੰ 'ਰਾਗ ਦੀ ਖਾਣ' ਕਿਹਾ ਕਰਦੇ ਸਨ। ਆਪ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਦੀ ਸੇਵਾ ਨਿਭਾਈ। ਉੱਚੇ ਸੁਰ ਵਿੱਚ ਪੂਰੀ ਬਹਿਬਲਤਾ ਨਾਲ ਕੀਰਤਨ ਕਰਨਾ ਇਨ੍ਹਾਂ ਦੀ ਗਾਇਕੀ ਦਾ ਕਮਾਲ ਸੀ। ਸਵੇਰ ਦੇ ਰਾਗ ਆਪ ਦੀ ਗਾਇਕੀ ਦਾ ਵਿਸ਼ੇਸ਼ ਅੰਗ ਸਨ। ਸੋਰਠਿ ਰਾਗ ਨੂੰ ਸ਼ਬਦ ਤੇ ਸੰਗੀਤ ਰਾਹੀਂ ਮੂਰਤੀਮਾਨ ਕਰਦੇ ਸਨ।

ਭਾਈ ਹੀਰਾ ਸਿੰਘ ਵੀ ਬਹੁਤ ਉੱਚੇ ਵਿਚਾਰਾਂ ਦੇ ਧਾਰਨੀ ਸਨ ਤੇ ਵਿਆਖਿਆ ਪ੍ਰਧਾਨ ਕੀਰਤਨ ਕਰਦੇ ਸਨ। ਉਹ ਏਨੀ ਲੰਮੀ ਵਿਆਖਿਆ ਕਰਦੇ ਕਿ ਗੁਰਬਾਣੀ ਕੀਰਤਨ ਲਈ ਸਮਾਂ ਹੀ ਨਹੀਂ ਬਚਦਾ। ਉਹ ਆਪ ਮੰਨਦੇ ਸਨ ਕਿ ਰਾਗ ਦੀ ਮੈਨੂੰ ਸਮਝ ਨਹੀਂ, ਪ੍ਰਮਾਣ ਮੈਂ ਯਾਦ ਨਹੀਂ ਕਰ ਸਕਦਾ ਵਿਆਖਿਆ ਹੀ ਮੇਰੇ ਕੀਰਤਨ ਦੀ ਵਿਸ਼ੇਸ਼ਤਾ ਹੈ; ਜਿਸ ਤੇ ਰੀਝ ਕੇ ਸੰਗਤਾਂ ਮੈਨੂੰ ਪਿਆਰ ਕਰਦੀਆਂ ਹਨ ਤੇ ਭੇਟਾ ਦਿੰਦੀਆਂ ਹਨ।

ਰਾਗੀ ਸੁੰਦਰ ਸਿੰਘ ਜੀ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਤੇ ਫਿਰ ਹੈੱਡ ਰਾਗੀ ਬਣੇ। ਉਹ ਸੰਗੀਤ ਦੇ ਵਿਸ਼ੇਸ਼ ਮਾਹਿਰ ਹੋਣ ਦੇ ਨਾਲ ਨਾਲ ਗੁਰਬਾਣੀ ਤੇ ਕੀਰਤਨ ਦੇ ਵੀ ਉੱਚ ਕੋਟੀ ਦੇ ਰਾਗੀ ਮੰਨੇ ਜਾਂਦੇ ਸਨ।

ਉਹ ਸਮੇਂ ਸਥਾਨ ਤੇ ਸਰੋਤਿਆਂ ਦੀ ਰੁਚੀ ਅਨੁਸਾਰ ਕੀਰਤਨ ਕਰਦੇ ਸਨ। ਪਿੰਡ ਦੇ ਲੋਕਾਂ ਦੇ ਸਾਹਮਣੇ ਸਾਧਾਰਨ ਕੀਰਤਨ ਕਰਦੇ, ਮੁਕਾਬਲੇ ਦੇ ਕੀਰਤਨ ਦਰਬਾਰਾਂ ਵਿੱਚ ਰਾਗ ਦੇ ਆਲਾਪ ਲਾਉਂਦੇ ਤੇ ਆਪਣੇ ਹੁਨਰ ਤੇ ਰਿਆਜ਼ ਦੀ ਮਿਸਾਲ ਪੇਸ਼ ਕਰਦੇ ਸਨ।

ਭਾਈ ਸੁਰਜਨ ਸਿੰਘ ਤੇ ਭਾਈ ਗੋਪਾਲ ਸਿੰਘ ਸਮਕਾਲੀ, ਜਮਾਤੀ ਤੇ ਗੁਰਭਾਈ ਸਨ। ਇੱਕੋ ਜਿਹੇ ਢੰਗ ਨਾਲ ਇਹ ਕੀਰਤਨ ਕਰਦੇ ਸਨ। ਪਰ ਸਰਲਤਾ, ਬਾਣੀ ਦੀ ਸਪੱਸ਼ਟਤਾ ਤੇ ਕਿਤੇ ਕਿਤੇ ਵਿਆਖਿਆ ਉਨ੍ਹਾਂ ਦੀ ਕੀਰਤਨ ਸ਼ੈਲੀ ਦੇ ਪ੍ਰਮੁੱਖ ਗੁਣ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਸੰਗਤਾਂ ਵਿੱਚ ਹਰਮਨ ਪਿਆਰਾ ਬਣਾ ਦਿੱਤਾ।



**ਭਾਈ ਸਮੁੰਦ ਸਿੰਘ ਜੀ ਇਸ ਸਦੀ ਦੇ ਸਿਰਮੌਰ ਰਾਗੀਆਂ ਦੀ ਕਤਾਰ ਵਿੱਚ ਆਉਂਦੇ ਹਨ।** ਗਾਇਕੀ ਦੇ ਪੱਖ ਤੋਂ ਰਬਾਬੀ ਗਵੱਈਏ ਵੀ ਉਨ੍ਹਾਂ ਦੀ ਗਾਇਕੀ ਦਾ ਸਿੱਕਾ ਮੰਨਦੇ ਸਨ। ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਿਸ਼ਾਂ ਦਾ ਅਤੁੱਟ ਖਜ਼ਾਨਾ ਸੀ ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਗਲੇ ਦੀ ਹਰਕਤ, ਤਾਨ ਦੀ ਸਫਾਈ ਤੇ ਬੋਲ ਵੰਡ ਉਨ੍ਹਾਂ ਦੀ ਗਾਇਕੀ ਦੇ ਵਿਸ਼ੇਸ ਗੁਣ ਸਨ। ਕੀਰਤਨ ਸ਼ੈਲੀ ਦੇ ਨਾਲ ਨਾਲ ਬਾਣੀ ਦੀ ਸੂਝ ਤੇ ਸਪੱਸ਼ਟ ਉਚਾਰਨ, ਸੰਗਤਾਂ ਨੂੰ ਕੀਲ ਲੈਂਦੀ।

ਉਨ੍ਹਾਂ ਦੀ ਇਹ ਵਿਸ਼ੇਸਤਾ ਸੀ ਕਿ ਉਹ ਸ਼ਬਦ ਆਰੰਭ ਕਰਨ ਤੋਂ ਪਹਿਲਾਂ ਵਿਲੰਬਤ ਇੱਕ ਤਾਲ ਵਿੱਚ ਮੰਗਲਾਚਰਨ ਕਰਦੇ ਜਿਸ ਰਾਹੀਂ ਰਾਗ ਦਾ ਸਰੂਪ ਸੁੱਤੇ ਸਿੱਧ ਹੀ ਪ੍ਰਗਟ ਹੋ ਜਾਂਦਾ ਤੇ ਕੀਰਤਨ ਦਾ ਮਾਹੌਲ ਸਿਰਜਿਆ ਜਾਂਦਾ।

ਇੱਕ ਵਾਰ ਐਸ. ਐਸ. ਅਮੋਲ ਨੇ ਉਨ੍ਹਾਂ ਨੂੰ ਪੁੱਛਿਆ ਕਿ ਆਮ ਤੌਰ ਤੇ ਕੀਰਤਨ ਦੇ ਸਰੋਤੇ ਆਖਦੇ ਹਨ ਕਿ ਸਾਨੂੰ ਪੱਕੇ ਰਾਗਾਂ ਦੀ ਕੋਈ ਸਮਝ ਨਹੀਂ ਪੈਂਦੀ ਫਿਰ ਵੀ ਤੁਹਾਡੇ ਸਮੇਂ ਦੌਰਾਨ ਸੰਗਤਾਂ ਕਿਉਂ ਟਿਕਾਅ ਵਿੱਚ ਬੈਠੀਆਂ ਰਹਿੰਦੀਆਂ ਹਨ। ਪਰ ਭਾਈ ਸਾਹਿਬ ਨੇ ਬਹੁਤ ਸਹਿਜ ਨਾਲ ਕਿਹਾ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਹੀ ਇਸ ਕਰਕੇ ਦੱਸੀ ਹੈ ਕਿ ਬਾਣੀ ਦੇ ਨਾਲ ਨਾਲ ਜਦ ਸੰਗੀਤ ਤੇ ਰਾਗੀ ਦਾ ਗਲਾ ਰਲ ਜਾਂਦਾ ਹੈ ਤਾਂ ਉਹ ਕਠੋਰ ਤੋਂ ਕਠੋਰ ਮਨ ਤੇ ਵੀ ਅਸਰ ਕਰਦਾ ਹੈ। **ਜੋ ਰਾਗੀ ਬਾਣੀ ਨੂੰ ਪਿੱਛੇ ਤੇ ਰਾਗ ਨੂੰ ਅੱਗੇ ਕਰ ਦਿੰਦੇ ਹਨ ਉਹ ਸੰਗਤਾਂ ਨੂੰ ਆਤਮਿਕ ਸੰਤੁਸ਼ਟਤਾ ਪ੍ਰਦਾਨ ਨਹੀਂ ਕਰ ਸਕਦੇ।**

ਭਾਈ ਸਾਹਿਬ ਅਜਿਹੇ ਯੁੱਗ ਪੁਰਸ਼ ਹੋਏ ਹਨ ਜਿਹੜੇ ਕੀਰਤਨ ਵਿੱਚ ਉਪਜੇ, ਕੀਰਤਨ ਨਾਲ ਹੀ ਨਿਪਜੇ ਤੇ ਅੰਤ ਕੀਰਤਨ ਨਾਲ ਹੀ ਬਿਨਸ ਗਏ ਤੇ ਕੀਰਤਨ ਹੀ ਪ੍ਰੇਮੀਆਂ ਦੀ ਝੋਲੀ ਪਾ ਗਏ। ਆਪਣੀਆਂ ਮਿੱਠੀਆਂ ਧੁਨਾਂ ਵਿੱਚ ਗਾਏ ਸ਼ਬਦਾਂ ਦਾ ਖਜ਼ਾਨਾ ਉਨ੍ਹਾਂ ਨੂੰ ਰਹਿੰਦੀ ਦੁਨੀਆਂ ਤੱਕ ਸੁਰਜੀਤ ਰਖੇਗਾ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ **ਕੀਰਤਨ ਪਰੰਪਰਾ ਦੇ ਪ੍ਰਮੁੱਖ ਰਾਗੀ ਭਾਈ ਸਮੁੰਦ ਸਿੰਘ ਜੀ ਸਨ।** ਉਨ੍ਹਾਂ ਗੁਰਬਾਣੀ ਨੂੰ ਸੰਗੀਤਕ ਪੱਖ ਤੋਂ ਗਾਵਿਆ ਹੀ ਨਹੀਂ ਸਗੋਂ ਜੀਵਿਆ ਤੇ ਹੰਢਾਇਆ ਵੀ ਹੈ। ਉਨ੍ਹਾਂ ਆਪ ਹੀ ਨਹੀਂ ਸਗੋਂ ਸਿੱਖ ਸੰਗਤਾਂ ਨੂੰ ਨਿਰਮੋਲਕ ਕੀਰਤਨ ਦਾ ਪ੍ਰਸ਼ਾਦ ਵੰਡਿਆ। ਕੀਰਤਨ ਦੁਆਰਾ ਨਾਮ ਜਪਾਉਣ ਤੇ ਕੀਰਤਨੀ ਜੀਵਨ ਬਿਤਾਉਣ ਦੀਆਂ ਸੇਵਾਵਾਂ ਦਾ ਅਤੁੱਟ ਲੰਗਰ ਲਗਾਇਆ। ਜਿਸ ਨੂੰ ਉਨ੍ਹਾਂ ਆਪਣੇ ਜੀਵਨ ਵਿੱਚ ਆਪ ਛਕਿਆ ਤੇ ਅਨੇਕਾਂ ਪ੍ਰੇਮੀਆਂ ਨੂੰ ਵੀ ਛਕਾਇਆ।



## ਰੂਹਾਨੀ ਸਫ਼ਰ ਦੇ ਮੁਸਾਫਿਰ

ਸੰਗੀਤ ਦਾ ਸੰਬੰਧ ਮੁਢ ਤੋਂ ਹੀ ਰੂਹਾਨੀਅਤ ਨਾਲ ਰਿਹਾ ਹੈ, ਇਸੇ ਕਾਰਨ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਨੂੰ ਜਨ ਸਾਧਾਰਨ ਤੱਕ ਪਹੁੰਚਾਉਣ ਲਈ ਕੀਰਤਨ ਨੂੰ ਉੱਤਮ ਮਾਧਿਅਮ ਬਣਾਇਆ। ਵੀਹਵੀਂ ਸਦੀ ਵਿੱਚ ਇਸ ਨਿਰਮੋਲਕ ਕੀਰਤਨ ਦੀ ਪਰੰਪਰਾ ਨੂੰ ਸੁਰਜੀਤ ਕਰਨ, ਪ੍ਰਚਾਰਨ ਤੇ ਨਾਮ ਜਪਾਉਣ ਲਈ ਅਕਾਲ ਪੁਰਖ ਨੇ ਇਹ ਸੇਵਾ ਭਾਈ ਸਮੁੰਦ ਸਿੰਘ ਜੀ ਦੇ ਜਿੰਮੇ ਲਗਾਈ। ਉਹ ਆਪਣੀ ਸੰਗੀਤ ਕਲਾ, ਗੁਰਬਾਣੀ ਗਿਆਨ, ਗੁਰਮੁੱਖੀ ਜੀਵਨ ਤੇ ਨਿਵੇਕਲੀ ਕੀਰਤਨ ਸ਼ੈਲੀ ਸਦਕਾ ਕੀਰਤਨ ਪ੍ਰੇਮੀਆਂ ਲਈ ਰਾਹ-ਦਿਸੇਰਾ ਸਾਬਿਤ ਹੋਏ।

ਭਾਈ ਸਾਹਿਬ ਨੇ ਉਨੀਵੀਂ ਸਦੀ ਦੇ ਪ੍ਰਸਿੱਧ ਰਾਗੀ ਭਾਈ ਸ਼ਾਮ ਸਿੰਘ ਤੋਂ ਗੁਰਬਾਣੀ ਗਾਇਨ ਕਰਨ ਦੀ ਸਿੱਖਿਆ ਪ੍ਰਾਪਤ ਕੀਤੀ। ਭਾਈ ਸਾਹਿਬ ਜੀ ਨੇ ਰੂਹਾਨੀਅਤ ਦਾ ਪਹਿਲਾ ਸਬਕ ਆਪਣੀ ਦਾਦੀ ਮਾਤਾ ਸਦਾ ਕੌਰ ਤੋਂ ਸਿੱਖਿਆ ਜੋ ਕਿ ਰੱਬੀ ਰੰਗ ਵਿੱਚ ਰੱਤੜੇ ਸਨ ਆਪ ਦੇ ਪਿਤਾ ਭਾਈ ਹਜ਼ੂਰਾ ਸਿੰਘ ਤਾਊਸ ਤੇ ਕੀਰਤਨ ਕਰਦੇ ਤੇ ਉਨ੍ਹਾਂ ਦਾ ਚਾਚਾ ਸ੍ਰ: ਗੁਰਦਿੱਤ ਸਿੰਘ ਆਪਣੇ ਭਰਾ ਦੀ ਸੰਗਤ ਕਰਦੇ।

ਇਸ ਸੰਗੀਤਕ ਪੰਘੂੜੇ ਵਿੱਚ ਭਾਈ ਸਮੁੰਦ ਸਿੰਘ ਨੇ ਅੱਖਾਂ ਖੋਲੀਆਂ ਤੇ ਸਭ ਤੋਂ ਪਹਿਲੀ ਆਵਾਜ਼ ਜੋ ਉਨ੍ਹਾਂ ਦੇ ਕੰਨਾਂ ਵਿੱਚ ਪਈ, ਉਹ ਗੁਰਬਾਣੀ ਦੇ ਮਧੁਰ ਸ਼ਬਦ ਸਨ। ਪ੍ਰਿੰਸੀਪਲ ਦਿਆਲ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਸਮੁੰਦ ਸਿੰਘ ਜੀ ਨੇ ਮੈਨੂੰ ਇੱਕ ਵਾਰ ਦੱਸਿਆ ਕਿ ਮੈਨੂੰ ਮੇਰੇ ਪਿਤਾ ਜੀ ਆਪਣੀ ਗੋਦੀ ਵਿੱਚ ਲੈ ਲੈਂਦੇ ਤੇ ਕੀਰਤਨ ਕਰਦੇ। ਕੀਰਤਨ ਸੁਣਦੇ ਸੁਣਦੇ ਉਨ੍ਹਾਂ ਦੀ

ਗੋਦੀ ਵਿੱਚ ਸੌਂ ਜਾਂਦਾ। ਤਿੰਨ ਸਾਲ ਦੀ ਉਮਰ ਵਿੱਚ ਹੀ ਮੈਨੂੰ ਉਨ੍ਹਾਂ ਨੇ ਆਪਣੇ ਨਾਲ ਗਾਉਣ ਲਾ ਲਿਆ। ਜਦੋਂ ਉਹ ਆਪਣੀ ਗੂੰਜਵੀਂ ਆਵਾਜ਼ ਵਿੱਚ ਕੀਰਤਨ ਕਰਦੇ ਤਾਂ ਮੈਂ ਪਤਲੀ ਆਵਾਜ਼ ਵਿੱਚ ਉਨ੍ਹਾਂ ਦੇ ਨਾਲ ਗੁਣਗੁਣਾਉਂਦਾ।

ਨਿੱਕੀ ਉਮਰੇ ਹੀ ਭਾਈ ਸਾਹਿਬ ਦੀ ਰੁਚੀ ਕੀਰਤਨ ਵੱਲ ਹੋ ਗਈ। ਦਰਅਸਲ ਆਪ ਦੇ ਪਿਤਾ ਭਾਈ ਹਜ਼ੂਰਾ ਸਿੰਘ ਨੇ ਇਹ ਗੁੜ੍ਹਤੀ ਉਨ੍ਹਾਂ ਨੂੰ ਬਚਪਨ ਵਿੱਚ ਹੀ ਦੇ ਦਿੱਤੀ ਸੀ। ਉਨ੍ਹਾਂ ਦੀ ਸੰਗਤ ਦਾ ਰਸ ਆਪ ਸੱਤ ਸਾਲ ਦੀ ਉਮਰ ਤੋਂ ਹੀ ਮਾਨਣ ਲੱਗ ਪਏ। ਇਸ ਸੰਕੇਤ ਦੀ ਪ੍ਰੋੜਤਾ ਸ੍ਰ: ਸਰਦੂਲ ਸਿੰਘ ਕਵੀਸ਼ਰ ਦੀ ਭਵਿੱਖ ਬਾਣੀ ਤੋਂ ਸਪੱਸਟ ਨਜ਼ਰ ਆਉਂਦੀ ਹੈ ਕਿ ਜਦੋਂ 1915 ਵਿੱਚ ਫਿਰੋਜ਼ਪੁਰ ਵਾਲੀ ਸਿੱਖ ਵਿੱਦਿਅਕ ਕਾਨਫਰੰਸ ਵਿੱਚ ਕਾਕਾ ਸਮੁੰਦ ਸਿੰਘ ਨੇ **"ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ"** ਸ਼ਬਦ ਗਾਇਆ ਸੁਣਿਆਂ ਤਾਂ ਸਹਿਜ ਸੁਭਾ ਹੀ ਆਖ ਉੱਠੇ "ਇੱਕ ਦਿਨ ਅਜਿਹਾ ਆਏਗਾ ਜਦੋਂ ਸ਼ਬਦ ਕੀਰਤਨ ਵਿੱਚ ਇਸ ਬਾਲ ਦਾ ਕੋਈ ਸਾਨੀ ਨਹੀਂ ਹੋਵੇਗਾ।"

ਇਸ ਹਕੀਕਤ ਦੀ ਗਵਾਹੀ ਸ੍ਰ: ਗੁਰਬਖ਼ਸ਼ ਸਿੰਘ ਜੀ ਪ੍ਰੀਤਲੜੀ ਦੀ ਸਵੈ-ਜੀਵਨੀ ਤੋਂ ਵੀ ਮਿਲਦੀ ਹੈ। ਉਹ ਲਿਖਦੇ ਹਨ, **"ਜਦੋਂ ਕਾਨਫਰੰਸਾਂ ਹੁੰਦੀਆਂ ਤਾਂ ਉਥੇ ਸੰਗਤਾਂ ਆਪ ਪਾਸੋਂ ਸ਼ਬਦ ਸੁਣਨ ਲਈ ਸਦਾ ਬੇਤਾਬ ਰਹਿੰਦੀਆਂ"।** ਜਦੋਂ ਆਪ ਮਾਖਿਉਂ ਮਿੱਠੀ ਆਵਾਜ਼ ਵਿੱਚ ਅਜੇ ਮੰਗਲਾਚਰਨ ਹੀ ਆਰੰਭ ਕਰਦੇ ਤਾਂ ਰਾਗ ਦਾ ਸਰੂਪ ਪ੍ਰਤੱਖ ਰੂਪ ਆ ਸਾਹਮਣੇ ਪ੍ਰਗਟ ਹੁੰਦਾ।

ਜਦੋਂ ਕਾਕਾ ਸਮੁੰਦ ਸਿੰਘ ਅਜੇ ਛੇ ਸਾਲ ਦੇ ਹੋਏ ਤਾਂ ਇਨ੍ਹਾਂ ਨੂੰ ਜਪੁਜੀ ਸਾਹਿਬ ਤੇ ਰਹਿਰਾਸ ਸਾਹਿਬ ਦਾ ਪਾਠ ਕੰਠ ਕਰਨ ਲਈ ਪ੍ਰੇਰਿਆ ਗਿਆ ਛੇ ਤੋਂ ਦਸ ਸਾਲ ਦੀ ਉਮਰ ਤੱਕ ਜਿਥੇ ਉਨ੍ਹਾਂ ਨੇ ਇਹ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਉਥੇ ਉਨ੍ਹਾਂ ਨੇ ਬਾਰਾਂ ਸਾਲ ਦੀ ਉਮਰ ਤੱਕ ਲੱਗਭੱਗ ਇੱਕ ਹਜ਼ਾਰ ਸ਼ਬਦ ਵੀ ਕੰਠ ਕਰ ਲਏ। ਇਹੀ ਨਹੀਂ ਉਨ੍ਹਾਂ ਰਾਗ ਸੰਗੀਤ ਵਿਦਿਆ ਦੀ ਵੀ ਵਿਧੀਵਤ ਸਿੱਖਿਆ ਹਾਸਿਲ ਕੀਤੀ। ਜਦੋਂ ਉਹ ਬਿਸਤਰ ਤੇ ਲੇਟਦੇ ਤਾਂ



ਅਕਸਰ ਤਾਨਪੁਰੇ ਨੂੰ ਆਪਣੇ ਸਿਰਹਾਣੇ ਰੱਖ ਕੇ ਸੌਂਦੇ। ਉਹ ਸ਼ਬਦਾਂ ਨੂੰ ਰਾਗਾਂ ਵਿੱਚ ਗਾਉਣ ਸਮੇਂ ਰਾਗ ਦੇ ਸਮੇਂ ਨੂੰ ਸਹੀ ਤਰਜੀਹ ਦਿੰਦੇ।

ਦੇਸ਼ ਦੀ ਵੰਡ ਤੋਂ ਪਹਿਲਾਂ ਸਿੱਖਾਂ ਦੇ ਸਿਰਫ਼ ਦੋ ਹੀ ਪ੍ਰਮੁੱਖ ਇਤਿਹਾਸਿਕ ਧਾਰਮਿਕ ਸਥਾਨ ਸਨ। ਇੱਕ ਨਨਕਾਣਾ ਸਾਹਿਬ ਤੇ ਦੂਸਰਾ ਸ੍ਰੀ ਹਰਿਮੰਦਰ ਸਾਹਿਬ ਜਿਥੇ ਸੀਨਾ-ਬਸੀਨਾ ਚਲੀ ਆ ਰਹੀ ਰਬਾਬੀ ਪਰੰਪਰਾ ਰਾਹੀਂ ਕੀਰਤਨ ਹੁੰਦਾ ਸੀ।

ਲੱਗਭੱਗ ਬਾਰਾਂ ਸਾਲ ਦੀ ਉਮਰ ਵਿੱਚ ਭਾਈ ਸਾਹਿਬ ਨੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸਥਾਪਿਤ ਚੌਂਕੀਆਂ ਵਿੱਚ ਕਿਸੇ ਇੱਕ ਚੌਂਕੀ ਵਿੱਚ ਕੀਰਤਨ ਕਰਨਾ ਸ਼ੁਰੂ ਕੀਤਾ। ਉਦੋਂ ਨਨਕਾਣਾ ਸਾਹਿਬ ਵਿੱਚ ਮਹੰਤ ਮੈਨੇਜਰ ਸਨ। ਉਨ੍ਹਾਂ ਨੂੰ ਗੁਰਮਤਿ ਸੰਗੀਤ ਦਾ ਗਿਆਨ ਅਤੇ ਕੀਰਤਨ ਸੁਨਣ ਦਾ ਮੱਸ ਸੀ। ਉਹ ਰਾਗ ਵਿੱਦਿਆ ਦੇ ਮਾਹਿਰ ਰਾਗੀਆਂ ਤੇ ਸਾਧਾਰਨ ਰਾਗੀਆਂ ਵਿੱਚ ਵਿਭਿੰਨਤਾ ਨੂੰ ਭਲੀ ਭਾਂਤ ਜਾਣਦੇ ਸਨ। **ਉਸ ਸਮੇਂ ਦੇ ਮੈਨੇਜਰ ਨੇ ਕਾਕਾ ਸਮੁੰਦ ਸਿੰਘ ਵਿਚਲੀ ਇਸ ਕਣੀ ਨੂੰ ਪਛਾਣ ਲਿਆ ਤੇ ਬਾਰਾਂ ਸਾਲ ਦੀ ਛੋਟੀ ਉਮਰ ਵਿੱਚ ਇਨ੍ਹਾਂ ਨੂੰ ਹਜ਼ੂਰੀ ਰਾਗੀ ਦੇ ਤੌਰ ਤੇ ਪੱਕਿਆਂ ਕਰ ਦਿੱਤਾ।** ਇੰਨੀ ਛੋਟੀ ਉਮਰ ਵਿੱਚ ਇੰਨੇ ਪ੍ਰਮੁੱਖ ਸਥਾਨ ਤੇ ਪਹੁੰਚਣ ਵਾਲਿਆਂ ਵਿੱਚੋਂ ਭਾਈ ਸਮੁੰਦ ਸਿੰਘ ਪਹਿਲੇ ਰਾਗੀ ਸਨ।

1912 ਤੋਂ 1947 ਤੱਕ ਭਾਈ ਸਾਹਿਬ ਨੇ ਨਨਕਾਣਾ ਵਿਖੇ ਹਜ਼ੂਰੀ ਰਾਗੀ ਦੇ ਤੌਰ ਤੇ ਸੇਵਾ ਨਿਭਾਈ। ਇਸ ਸੇਵਾ ਨੂੰ ਨਿਭਾਉਂਦਿਆਂ ਅਨੇਕਾਂ ਹੀ ਕੀਰਤਨੀਆਂ ਨਾਲ ਭਾਈ ਸਾਹਿਬ ਦਾ ਸੰਪਰਕ ਜੁੜਿਆ। ਜਿਹੜਾ ਵੀ ਰਾਗੀ ਉਸ ਅਸਥਾਨ ਤੇ ਕੀਰਤਨ ਕਰਨ ਜਾਂਦਾ, ਭਾਈ ਸਾਹਿਬ ਦੀ ਵਡਿਆਈ ਤੇ ਪ੍ਰਤਿਭਾ ਤੋਂ ਅਛੂਤਾ ਨਾ ਰਹਿੰਦਾ।

ਜਿਉਂ ਜਿਉਂ ਸਮਾਂ ਬੀਤਦਾ ਗਿਆ। ਭਾਈ ਸਾਹਿਬ ਦੀ ਆਵਾਜ਼ ਮੰਝਦੀ ਗਈ ਤੇ ਉਨ੍ਹਾਂ ਦੀ ਨਿਵੇਕਲੀ ਆਵਾਜ਼ ਤੇ ਸ਼ੈਲੀ ਦੀ ਚਰਚਾ ਥਾਂ ਥਾਂ ਹੋਣ ਲੱਗੀ। 1936 ਵਿੱਚ ਪੰਜਾਬ ਦੇ ਉੱਤਰ ਪੱਛਮੀ ਸੂਬੇ ਵਿੱਚ ਰੇਡਿਓ ਸਟੇਸ਼ਨ ਦੇ

ਇੱਕ ਪੁਰਾਤਨ ਫੋਟੋ, ਜਿਸ ਵਿੱਚ ਲੁਧਿਆਣਾ ਸ਼ਹਿਰ ਦੇ ਸਾਰੇ ਰਾਗੀ ਰੂਪਮਾਨ ਹਨ। ਭਾਈ ਸਮੁੰਦ ਸਿੰਘ ਜੀ ਵਿਚਕਾਰ ਬੈਠੇ ਹਨ।

## ਗੁਰਮੱਤ ਰਾਗੀ ਸਭਾ ਸ਼ਹਿਰ ਲੁਧਿਆਣਾ

**6 ਮਈ 1957**

(ਜੋ ਕਿ ਗੁਰੂ ਅਰਜੁਨ ਦੇਵ ਜੀ ਦੇ ਜਨਮ ਉਤਸਵ ਗੁਰਪੁਰਬ ਦੀ ਖੁਸ਼ੀ ਵਿੱਚ ਬਨਵਾਈ ਗਈ।)



ਕੁਰਸੀਆਂ ਸੱਜੇ ਤੋਂ ਖੱਬੇ :– ਭਾਈ ਸੁੰਦਰ ਸਿੰਘ 'ਸਾਬਰ', ਗਿਆਨੀ ਅਮਰ ਸਿੰਘ, ਪ੍ਰਾਪੇ ਗੰਡਾ ਸਕੱਤ੍ਰ, ਪ੍ਰੋ: ਕਰਤਾਰ ਸਿੰਘ ਸੱਕਤ੍ਰ ਭਾ: ਹਰਨਾਮ ਸਿੰਘ ਜ਼ਖਮੀ ਐਕਟਿੰਗ ਪ੍ਰਧਾਨ, ਭਾ: ਸਮੁੰਦ ਸਿੰਘ ਜੀ, ਪ੍ਰਧਾਨ, ਪ੍ਰੋ. ਹਰਚੰਦ ਸਿੰਘ ਮੀਤ ਪ੍ਰਧਾਨ ਗਿਆਨੀ ਇੰਦਰ ਸਿੰਘ ਖਜ਼ਾਨਚੀ, ਸ੍ਰ. ਨਿਰਮਲ ਸਿੰਘ, ਭਾ: ਕਰਤਾਰ ਸਿੰਘ।

ਦੂਜੀ ਸਤਰ :– ਭਾਈ ਇਕਬਾਲ ਸਿੰਘ, ਮੀਤ ਸਕਤਰ, ਭਾਈ ਸੁੰਦਰ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਅਜੀਤ ਸਿੰਘ, ਭਾਈ ਤੇਜਾ ਸਿੰਘ, ਭਾਈ ਸੇਵਾ ਸਿੰਘ, ਭਾਈ ਗੁਰਦਿਆਲ ਸਿੰਘ, ਗਿਆਨੀ ਰਜਿੰਦਰ ਸਿੰਘ, ਭਾਈ ਭਗਵਾਨ ਸਿੰਘ ਭਾਈ ਜਸਵੰਤ ਸਿੰਘ, ਭਾਈ ਜੀਵਨ ਸਿੰਘ

ਤੀਜੀ ਸਤਰ :– ਭਾਈ ਮਛਿੰਦਰ ਸਿੰਘ, ਮਾਸਟਰ ਪਿਆਰ ਸਿੰਘ, ਭਾਈ ਮੋਹਨ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਨਰਿੰਦਰ ਸਿੰਘ ਭਾਈ ਹਰਨਾਮ ਸਿੰਘ, ਭਾਈ ਹਰਭਜਨ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਹਜ਼ਾਰਾ ਸਿੰਘ, ਭਾਈ ਨਰਿੰਦਰ ਸਿੰਘ



ਸਥਾਪਿਤ ਹੋਣ ਨਾਲ ਭਾਈ ਸਾਹਿਬ ਦੇ ਗਾਏ ਹੋਏ ਸ਼ਬਦ ਘਰ ਬੈਠਿਆਂ ਹੀ ਸੁਣੇ ਜਾਣ ਲੱਗੇ। ਇਸ ਤਰ੍ਹਾਂ ਭਾਈ ਸਾਹਿਬ ਦੀ ਆਵਾਜ਼ ਸਤਲੁਜ ਤੋਂ ਅਟਕ ਤੱਕ ਗੂੰਜਣ ਲਗ ਪਈ। ਜਿਥੇ ਭਾਈ ਸਾਹਿਬ ਨੂੰ ਸਿੱਖ ਸੰਗਤਾਂ ਤੋਂ ਅੰਤਾਂ ਦਾ ਪਿਆਰ ਤੇ ਸਤਿਕਾਰ ਮਿਲਿਆ ਉਥੇ ਕੌਮ ਦੇ ਸਿਰਕੱਢ ਆਗੂਆਂ ਨੇ ਵੀ ਸਲਾਹਿਆ।

ਅਗਸਤ 1947 ਵਿੱਚ ਦੇਸ਼ ਦੀ ਵੰਡ ਹੋ ਗਈ। ਪਾਕਿਸਤਾਨ ਬਣਨ ਉਪਰੰਤ ਭਾਈ ਸਾਹਿਬ ਨੂੰ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਛੱਡਣੀ ਪਈ। ਉਸ ਭੀੜ ਸਮੇਂ ਆਪ ਭਰੇ-ਭਰਾਏ ਘਰ, ਜ਼ਮੀਨ ਜ਼ਾਇਦਾਦ ਛੱਡ ਕੇ ਇਧਰ ਆ ਗਏ।

ਦੋ ਸਾਲ ਉਹ ਅੰਮ੍ਰਿਤਸਰ ਰਹੇ। ਪਰ ਉਨ੍ਹਾਂ ਨੇ ਹਰਿਮੰਦਰ ਸਾਹਿਬ ਵਿਖੇ ਪੱਕੀ ਡਿਊਟੀ ਸਵੀਕਾਰ ਨਹੀਂ ਕੀਤੀ ਕਿਉਂਕਿ ਉਹ ਕਿਸੇ ਬੰਦਿਸ਼ ਵਿੱਚ ਰਹਿ ਕੇ ਨੌਕਰੀ ਕਰਨੀ ਨਹੀਂ ਚਾਹੁੰਦੇ ਸਨ। ਦੋ ਸਾਲ ਅੰਮ੍ਰਿਤਸਰ ਰਹਿਣ ਤੋਂ ਬਾਅਦ ਉਹ ਲੁਧਿਆਣੇ ਮਾਡਲ ਟਾਊਨ ਆ ਕੇ ਵੱਸ ਗਏ। ਇਥੇ ਵੀ ਉਨ੍ਹਾਂ ਕਿਸੇ ਗੁਰਦੁਆਰੇ ਪੱਕੀ ਨੌਕਰੀ ਸਵੀਕਾਰ ਨਹੀਂ ਕੀਤੀ।

ਚੀਫ਼ ਖਾਲਸਾ ਦੀਵਾਨ ਸਿੱਖ ਸਿਆਸਤ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀ ਸੰਸਥਾ ਹੈ। ਚੀਫ਼ ਖਾਲਸਾ ਦੀਵਾਨ ਨੇ ਜਦੋਂ ਤੋਂ ਸਲਾਨਾ ਸਿੱਖ ਐਜੂਕੇਸ਼ਨ ਕਾਨਫਰੰਸਾਂ ਦਾ ਆਰੰਭ ਕੀਤਾ, ਉਦੋਂ ਤੋਂ ਹੀ ਇਸ ਮਹਾਂ ਸੰਮੇਲਨ ਵਿੱਚ ਉਦਘਾਟਨ ਸਮੇਂ ਕੀਰਤਨ ਦੀ ਸੇਵਾ ਭਾਈ ਸਮੁੰਦ ਸਿੰਘ ਨਿਭਾਉਂਦੇ ਰਹੇ। **ਲੁਧਿਆਣੇ ਵਿਸੇਬਾ ਕਰਨ ਉਪਰੰਤ ਉਹ ਆਕਾਸ਼ਵਾਣੀ ਜਲੰਧਰ ਦੇ 'ਏ ਕਲਾਸ' ਕਲਾਕਾਰ ਸਾਬਿਤ ਹੋਏ।** ਉਹ ਹਰ ਮਹੀਨੇ ਘੱਟ ਤੋਂ ਘੱਟ ਦੋ ਵਾਰੀ ਆਕਾਸ਼ਵਾਣੀ ਜਲੰਧਰ ਜਾਇਆ ਕਰਦੇ ਸਨ। ਜਿਥੇ ਉਨ੍ਹਾਂ ਦਾ ਸ਼ਬਦ ਕੀਰਤਨ ਬਾਕਾਇਦਗੀ ਨਾਲ ਪ੍ਰਸਾਰਿਤ ਕੀਤਾ ਜਾਂਦਾ ਸੀ। ਆਕਾਸ਼ਵਾਣੀ ਦਿੱਲੀ ਰਾਹੀਂ ਵੀ ਭਾਈ ਸਾਹਿਬ ਦੇ ਸ਼ਬਦ ਪ੍ਰਸਾਰਿਤ ਕੀਤੇ ਜਾਣ ਲੱਗ ਪਏ।

1969 ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਦੀ ਪੰਜਵੀਂ ਸ਼ਤਾਬਦੀ

ਸਮਾਰੋਹਾਂ ਸਮੇਂ ਸ਼ਬਦਾਂ ਦੇ ਪੰਜ ਸੈਟ ਤਿਆਰ ਕੀਤੇ ਗਏ। ਭਾਈ ਸਾਹਿਬ ਜੀ ਦੇ ਸ਼ਬਦਾਂ ਦਾ ਇੱਕ ਸੈਟ ਲਾਂਗ ਰਿਕਾਰਡ ਪਲੇਅਰ ਦੇ ਰੂਪ ਵਿੱਚ ਰੀਲੀਜ਼ ਹੋਇਆ।

1969 ਵਿੱਚ ਜਦੋਂ "ਨਾਨਕ ਨਾਮ ਜਹਾਜ਼ ਹੈ" ਪਹਿਲੀ ਪੰਜਾਬੀ ਧਾਰਮਿਕ ਫ਼ਿਲਮ ਬਣੀ, ਜਿਸ ਨੂੰ ਗੋਲਡ ਮੈਡਲ ਮਿਲਿਆ, ਉਸ ਫ਼ਿਲਮ ਲਈ ਭਾਈ ਸਮੁੰਦ ਸਿੰਘ ਨੇ ਦੋ ਸ਼ਬਦ ਗਾਏ ਇੱਕ ਬਹਾਰ ਰਾਗ ਵਿੱਚ '**ਕਲਿ ਤਾਰਣ ਗੁਰੁ ਨਾਨਕ ਆਇਆ ਤੇ ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣ ਹੋਆ।**' ਇਹ ਦੋਨੋਂ ਹੀ ਸ਼ਬਦ ਬਹੁਤ ਪ੍ਰਵਾਨੇ ਗਏ ਤੇ ਸਲਾਹੇ ਗਏ।

ਸ੍ਰ: ਮਹਿੰਦਰ ਸਿੰਘ ਜੋ ਫ਼ਿਲਮ ਡਾਇਰੈਕਟਰ ਸਨ, ਉਹ ਵੀ ਭਾਈ ਸਮੁੰਦ ਸਿੰਘ ਜੀ ਦੁਆਰਾ ਦਿੱਤੀਆਂ ਟਿਊਨਾਂ ਵਿੱਚ ਆਪਣੀ ਲੋੜ ਅਨੁਸਾਰ ਤਬਦੀਲੀ ਕਰਨ ਦੀ ਜ਼ੁਰਅਤ ਨਹੀਂ ਕਰ ਸਕਦੇ।

**ਭਾਈ ਸਾਹਿਬ ਨੇ ਲੁਧਿਆਣੇ ਰਹਿ ਕੇ ਸਮੁੱਚੇ ਰਾਗੀਆਂ ਨੂੰ ਇੱਕਠਾ ਕੀਤਾ ਤੇ ਗੁਰਮਤਿ ਰਾਗੀ ਸਭਾ 1956 ਵਿੱਚ ਸਥਾਪਿਤ ਕੀਤੀ ਤੇ ਲੱਗਭੱਗ 16 ਸਾਲ ਇਸਦੇ ਪ੍ਰਧਾਨ ਰਹੇ।** ਸਲਾਨਾ ਇੱਕ ਬਹੁਤ ਵੱਡਾ ਸਮਾਗਮ ਰਾਗੀ ਸਭਾ ਵਲੋਂ ਹੁੰਦਾ ਹੈ। ਬਾਹਰੋਂ ਰਾਗੀ ਜੱਥੇ, ਗਿਆਨੀ, ਪ੍ਰਚਾਰਕ ਸੱਦ ਕੇ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਧੂਮ-ਧਾਮ ਨਾਲ ਇਹ ਦਿਨ ਮਨਾਇਆ ਜਾਂਦਾ ਹੈ। ਜੋ ਰਾਗੀ ਸਿੰਘਾਂ ਵਲੋਂ ਸੇਵਾ, ਜਿਥੇ ਵੀ ਕਿਸੇ ਦੀ ਡਿਊਟੀ ਲਗਦੀ ਉਹ ਤਤਪਰ, ਉਤਸ਼ਾਹ ਦਿਖਾਉਂਦਾ।

ਭਾਈ ਸਮੁੰਦ ਸਿੰਘ ਜੀ, ਰਾਗੀ ਸਭਾ ਦੇ ਪ੍ਰਧਾਨ, ਮੀਤ ਪ੍ਰਧਾਨ ਪ੍ਰੋਫੈਸਰ ਹਰਚੰਦ ਸਿੰਘ ਜੀ ਤੇ ਸਕੱਤਰ ਪ੍ਰੋਫੈਸਰ ਕਰਤਾਰ ਸਿੰਘ ਜੀ ਸਨ। ਜੋ ਭਾਈ ਸਾਹਿਬ ਨੂੰ ਰਾਗੀ ਸਿੰਘ ਭਰਾਵਾਂ ਵਲੋਂ ਪਿਆਰ ਸਤਿਕਾਰ ਮਿਲਿਆ ਉਹ ਅਲੌਕਿਕ ਗੱਲ ਹੀ ਹੈ। ਸਾਰੇ ਰਾਗੀ ਸਿੰਘ ਬੈਠ ਕੇ ਸੰਗਤ ਵਿੱਚ ਕੀਰਤਨ ਕਥਾ ਸੁਣਦੇ ਸਨ। ਲੁਧਿਆਣਾ ਰਾਗੀ ਸਿੰਘਾਂ ਦਾ ਗੜ੍ਹ ਸੀ। ਬੜੇ ਬੜੇ ਸੰਗੀਤ ਦੇ ਵਿਦਵਾਨ ਸਨ ਜੋ ਲੁਧਿਆਣੇ ਦੇ ਵਸਨੀਕ ਸਨ ਤੇ ਵਧ ਚੜ੍ਹ ਕੇ ਹਿੱਸਾ ਲੈਂਦੇ



ਜਿਵੇਂ ਸ੍ਰ: ਗੁਰਬਖ਼ਸ਼ ਸਿੰਘ ਜੀ ਘੜੀ ਸਾਜ਼, ਸੰਤ ਨਿਰਮਲ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਜ਼ਖਮੀ, ਭਾਈ ਲਛਮਣ ਸਿੰਘ ਜੀ ਗੰਧਰਬ, ਭਾਈ ਦਲੀਪ ਸਿੰਘ ਜੀ ਤਬਲਾਵਾਦਕ, ਭਾਈ ਵਰਿਆਮ ਸਿੰਘ ਜੀ ਸਾਬਕਾ ਰਾਗੀ ਸ੍ਰੀ ਦਰਬਾਰ ਸਾਹਿਬ, ਪ੍ਰੋ: ਹਰਚੰਦ ਸਿੰਘ ਜੀ ਆਦਿ ਜੋ ਮਹਾਨ ਗੁਣੀ ਸਨ ਇਕਤਰਿਤ ਹੁੰਦੇ ਤੇ ਗੁਰੂ ਦੀਆਂ ਖੁਸ਼ੀਆਂ ਹਾਸਿਲ ਕਰਦੇ ਸਨ।

ਹਰ ਸਾਲ ਕੀਰਤਨ ਦੇ ਦਾਤੇ ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਤੇ ਸਥਾਨਕ ਕੀਰਤਨੀਆਂ ਤੋਂ ਬਿਨਾ ਭਾਈ ਸੰਤਾ ਸਿੰਘ (ਸੀਸ ਗੰਜ ਦਿੱਲੀ ਵਾਲੇ), ਭਾਈ ਗੁਰਮੁੱਖ ਸਿੰਘ ਫੱਕਰ, ਭਾਈ ਧਰਮ ਸਿੰਘ ਜਖ਼ਮੀ, ਸ੍ਰ: ਸੋਹਨ ਸਿੰਘ (ਸ਼ਾਸਤ੍ਰੀ ਗਾਇਕ), ਸ੍ਰ: ਦਵਿੰਦਰ ਸਿੰਘ ਗੁਰਦਾਸਪੁਰੀ, ਭਾਈ ਪਾਲਾ ਸਿੰਘ, ਭਾਈ ਜਸਵੰਤ ਸਿੰਘ, ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ ਪੰਥ ਪ੍ਰਸਿੱਧ ਜੱਥੇ ਸਮੇਂ ਸਮੇਂ ਤੇ ਸ਼ਾਮਿਲ ਹੁੰਦੇ ਉਦੋਂ ਇਨ੍ਹਾਂ ਕੀਰਤਨੀਆਂ ਦਾ ਮਨੋਰਥ ਗੁਰੂਆਂ ਵਲੋਂ ਬਖਸ਼ੀ ਹੋਈ ਸੇਵਾ ਨਾਲ ਸੰਗਤਾਂ ਨੂੰ ਗੁਰ ਸ਼ਬਦ ਰਾਹੀਂ ਰਜਾਉਣਾ ਹੁੰਦਾ ਸੀ ਤੇ ਆਪਸੀ ਪਿਆਰ ਜਤਾਉਣਾ ਹੁੰਦਾ ਸੀ।

ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦਾ ਜੀਵਨ ਬਹੁਤ ਪਾਕ-ਪਵਿੱਤਰ ਸੀ। ਜਿਥੇ ਉਹ ਮਿਹਨਤੀ, ਸਿਰੜੀ ਤੇ ਦ੍ਰਿੜ ਵਿਸ਼ਵਾਸੀ ਸਨ ਉਥੇ ਉਹ ਭਾਉ ਭਾਵਨਾ ਭਗਤੀ ਵਿੱਚ ਓਤਪੋਤ ਸਨ। ਉਹ ਮੂੰਹ ਹਨੇਰੇ ਉੱਠਦੇ ਤੇ ਚਾਰ ਵਜੇ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੰਦੇ। **ਆਸਾ ਜੀ ਦੀ ਵਾਰ ਦਾ ਕੀਰਤਨ ਉਹ ਪੁਰਾਤਨ 'ਟੁੰਡੇ ਅਸਰਾਜੇ ਦੀ ਧੁਨੀ' ਵਿੱਚ ਕਰਦੇ ਸਨ। ਆਸਾ ਜੀ ਦੀ ਵਾਰ ਦਾ ਕੀਰਤਨ ਉਨ੍ਹਾਂ ਦੀ ਰੂਹਾਨੀ ਖ਼ੁਰਾਕ ਸੀ।**

ਕਈ ਵਾਰ ਉਹ ਜਦੋਂ ਰਾਤ ਨੂੰ ਕੀਰਤਨ ਸਮਾਗਮਾਂ ਤੇ ਜਾਂਦੇ ਤੇ ਉਥੋਂ ਬਾਰਾਂ ਇੱਕ ਵੱਜੇ ਘਰ ਪਰਤਦੇ ਤਾਂ ਵੀ ਤੜਕਸਾਰ ਉੱਠਣਾ ਕਦੇ ਨਹੀਂ ਖੁੰਝਾਦੇ ਸਨ। ਫਿਰ ਆਪ ਇਹ ਕਦੀ ਨਹੀਂ ਸੀ ਕਰਦੇ ਕਿ ਆਪਣੇ ਕੀਰਤਨ ਕਰਨ ਉਪਰੰਤ ਸੰਗਤ ਵਿੱਚੋਂ ਉੱਠ ਕੇ ਚਲੇ ਜਾਣ। ਘੰਟਿਆਂ ਬੱਧੀ ਹੋਰ ਰਾਗੀਆਂ ਦਾ

ਕੀਰਤਨ ਵੀ ਸਨਮੁੱਖ ਬੈਠ ਕੇ ਸੁਣਦੇ ਸਨ। ਉਨ੍ਹਾਂ ਨੂੰ ਕੀਰਤਨ ਕਰਕੇ ਤੇ ਬਾਣੀ ਸੁਣ ਕੇ ਇੱਕ ਅਗੰਮੀ ਤਾਕਤ ਮਿਲਦੀ ਸੀ।

ਭਾਈ ਸਾਹਿਬ ਜੀ ਨੇ ਜਿਥੇ ਰਾਗ ਕੀਰਤਨ ਵਿੱਚ ਨਿਰੰਤਰ ਸਾਧਨਾ ਕੀਤੀ ਉਥੇ ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਜ਼ਰੂਰ ਕਰਦੇ। ਸੁਖਮਨੀ ਸਾਹਿਬ ਨਾਲ ਆਪ ਦਾ ਅਥਾਹ ਪਿਆਰ ਸੀ। ਕਿਸੇ ਸੱਜਣ ਦੇ ਪੁੱਛਣ ਤੇ **"ਭਾਈ ਸਾਹਿਬ ਆਪ ਰੋਜ਼ ਸੁਖਮਨੀ ਸਾਹਿਬ ਦੇ ਦੋ ਪਾਠ ਕਿਉਂ ਕਰਦੇ ਹੋ? ਭਾਈ ਸਾਹਿਬ ਨੇ ਕਿਹਾ ਇੱਕ ਲੋਕ ਲਈ ਤੇ ਇੱਕ ਪਰਲੋਕ ਲਈ।"**

ਭਾਈ ਸਾਹਿਬ ਨੇ ਸਾਰੀ ਉਮਰ ਗੁਰੂ ਦੀ ਬਾਣੀ ਨੂੰ ਗਾਇਆ, ਸਲਾਹਿਆ ਤੇ ਵਡਿਆਇਆ। ਇਸੇ ਸਦਕਾ ਉਹ ਵੀ ਗੁਰੂ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੇ। ਭਾਈ ਸਾਹਿਬ ਨੇ ਆਪਣੀ ਜਿੰਦਗੀ ਦੇ ਵੱਡਮੁੱਲੇ ਵਰ੍ਹੇ ਕੀਰਤਨ ਦਾ ਰੂਹਾਨੀ ਸਫ਼ਰ ਤਹਿ ਕਰਦਿਆਂ ਗੁਜ਼ਾਰੇ। ਉਨ੍ਹਾਂ ਨੇ ਲੱਗਭੱਗ ਪੈਂਹਠ (65) ਵਰ੍ਹੇ ਕੀਰਤਨ ਦੀ ਸੇਵਾ ਨਿਭਾਈ। ਉਹ ਕਾਕਾ ਸਮੁੰਦ ਸਿੰਘ ਤੋਂ ਭਾਈ ਸਮੁੰਦ ਸਿੰਘ ਅਖਵਾਏ। ਭਾਈ ਸਾਹਿਬ ਨੇ ਆਪਣੀ ਜਿੰਦਗੀ ਦਾ ਸਫ਼ਰ, '**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ**' ਨਾਲ ਸ਼ੁਰੂ ਕੀਤਾ ਤੇ '**ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ**' ਨਾਲ ਸਮਾਪਤ ਕੀਤਾ।

ਦਸੰਬਰ 1971 ਵਿੱਚ ਰੇਡਿਓ ਸਟੇਸ਼ਨ ਜਲੰਧਰ ਦੇ ਸੱਦੇ ਤੇ ਆਪ ਸ਼ਬਦ ਪੜ੍ਹਨ ਗਏ। ਇਹ ਉਨ੍ਹਾਂ ਦੀ ਅਕਾਲ ਪੁਰਖ ਅੱਗੇ ਸਵੈ ਅਰਜ਼ੋਈ ਦਾ ਉਹ ਸ਼ਬਦ ਸੀ ਜੋ ਉਨ੍ਹਾਂ ਨੇ ਅੰਤਲੀ ਵਾਰ ਪੜ੍ਹਿਆ। ਅੰਤਿਮ ਸਮੇਂ ਜਿਹੜੀ ਸ਼ਬਦ ਦੀ ਸਰੋਤ ਉਨ੍ਹਾਂ ਦੇ ਕੰਨੀ ਭਾਈ ਤੇਜਾ ਸਿੰਘ ਜੀ ਨੇ ਪਾਈ, ਉਹ ਸੀ '**ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ**'॥



## ਕੀਰਤਨ ਸਮਰਾਟ

ਭਾਈ ਸਾਹਿਬ ਭਾਈ ਸਮੁੰਦ ਸਿੰਘ ਆਪਣੀ ਕਲਾ, ਮਧੁਰ ਆਵਾਜ਼, ਗੁਰਬਾਣੀ ਗਿਆਨ, ਸੁੰਦਰ ਸਰੂਪ, ਗੁਰਮੁੱਖ ਜੀਵਨ ਤੇ ਨਿਵੇਕਲੀ ਜੀਵਨ ਸ਼ੈਲੀ ਸਦਕਾ ਆਪਣੇ ਸਮੇਂ ਦੇ ਮਹਾਂਪੁਰਖ ਅਖਵਾਏ।

ਬਲਰਾਜ ਸਾਹਨੀ ਨੇ ਉਨ੍ਹਾਂ ਨੂੰ ਇਸ ਸਦੀ ਦੇ ਪੰਜਾਬ ਵਿੱਚ ਜਨਮੇ ਚਾਰ ਕਲਾਕਾਰਾਂ ਵਿੱਚ ਲਿਆ ਖੜਾ ਕੀਤਾ। ਉਨ੍ਹਾਂ ਅਨੁਸਾਰ ਪੰਜਾਬੀ ਲੇਖਕਾਂ ਵਿੱਚ ਸ੍ਰ: ਗੁਰਬਖਸ਼ ਸਿੰਘ (ਪ੍ਰੀਤਲੜੀ) ਚਿੱਤਰਕਾਰੀ ਵਿੱਚ ਸਰਦਾਰ ਸੋਭਾ ਸਿੰਘ, ਸ਼ਾਸਤ੍ਰੀ ਸੰਗੀਤ ਵਿੱਚ ਉਸਤਾਦ ਬੜੇ ਗੁਲਾਮ ਅਲੀ ਖਾਨ (ਪਟਿਆਲਾ ਘਰਾਣਾ) ਅਤੇ ਗੁਰਮਤਿ ਸੰਗੀਤ ਵਿੱਚ ਭਾਈ ਸਮੁੰਦ ਸਿੰਘ ਜੀ ਹੋਏ ਹਨ।

ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਇੱਕ ਅਜਿਹੇ ਕੀਰਤਨੀਏ ਸਨ ਜਿਨ੍ਹਾਂ ਤੇ ਉਸ ਸਮੇਂ ਦੇ ਨਿਗੁਣੇ ਸੰਗੀਤਕ ਚੱਜ-ਆਚਾਰ ਦਾ ਕੋਈ ਅਸਰ ਨਹੀਂ ਹੋਇਆ। ਉਹ ਪ੍ਰਚਲਿਤ ਲੋਕ ਸੰਗੀਤ, ਫਿਲਮੀ ਸੰਗੀਤ, ਗਜ਼ਲ ਸੰਗੀਤ ਦੇ ਫੈਸ਼ਨ ਮਗਰ ਨਹੀਂ ਤੁਰੇ। ਉਨ੍ਹਾਂ ਗੁਰਮਤਿ ਸੰਗੀਤ ਦਾ ਰਸਤਾ ਚੁਣਿਆ ਉਹ ਵੀ ਨਿਵੇਕਲਾ ਤੇ ਵਿਲੱਖਣ ਸੀ। ਭਾਈ ਸਮੁੰਦ ਸਿੰਘ ਪਰੰਪਰਾਵਾਦੀ ਕੀਰਤਨ ਪੱਧਤੀ ਦੇ ਰੌਸ਼ਨ ਚਿਰਾਗ ਸਾਬਿਤ ਹੋਏ।

ਦਸ ਗੁਰੂ ਸਾਹਿਬਾਨ ਦੇ ਸਮੇਂ ਧਰੁਪਦ ਗਾਇਨ ਪੱਧਤੀ ਪ੍ਰਚਲਿਤ ਸੀ। ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਖਿਆਲ ਗਾਇਨ ਪੱਧਤੀ ਵੀ ਆਰੰਭ ਹੋ ਗਈ। ਮਹਾਰਾਜਾ ਰਣਜੀਤ ਸਿੰਘ ਸਮੇਂ ਇਹ ਸ਼ੈਲੀ ਬੁਲੰਦੀਆਂ ਤੇ ਪਹੁੰਚ ਗਈ। ਅਸਲ ਵਿੱਚ ਭਾਈ ਸਮੁੰਦ ਸਿੰਘ ਜੀ ਨੇ ਸ਼ਬਦ

ਕੀਰਤਨ ਖਿਆਲ ਗਾਇਨ ਸ਼ੈਲੀ ਵਿੱਚ ਬਹੁਤਾ ਕੀਤਾ ਹੈ ਭਾਵੇਂ ਉਨ੍ਹਾਂ ਦੇ ਗਾਏ ਕੁਲ ਸ਼ਬਦ ਧਰੁਪਦ ਧੁਮਾਰ ਸ਼ੈਲੀ ਵਿੱਚ ਵੀ ਮਿਲਦੇ ਹਨ।

ਭਾਈ ਸਮੁੰਦ ਸਿੰਘ ਦੀ ਗਾਇਕੀ ਦੀ ਇਹ ਵਿਸ਼ੇਸ਼ਤਾ ਸੀ ਕਿ ਉਹ ਰਾਗ ਦੇ ਮੰਗਲਾਚਰਨ ਵਿੱਚ ਹੀ ਰੰਗ ਬੰਨ੍ਹ ਦਿੰਦੇ ਸਨ। ਉਹ ਜਦੋਂ **'ਭਗਤਿ ਵਛਲੁ-ਅਨਾਥ ਨਾਥੇ'** ਲਫ਼ਜ਼ਾ ਨੂੰ ਆਲਾਪ ਵਿੱਚ ਲੈ ਕੇ ਅਲੱਗ ਅਲੱਗ ਲੈਅਕਾਰੀਆਂ ਵਿੱਚ ਦੁਹਰਾਉਂਦੇ ਤਾਂ ਸਰੋਤੇ ਵਜਦ ਵਿੱਚ ਆ ਕੇ ਝੂਮ ਉੱਠਦੇ ਤੇ ਆਨੰਦ ਬੱਝਦਾ। ਮੰਗਲਾਚਰਨ ਉਪਰੰਤ ਭਾਈ ਸਾਹਿਬ ਸ਼ਬਦ ਨੂੰ ਮੱਧ ਲੈਅ ਵਿੱਚ ਸ਼ੁਰੂ ਕਰਕੇ ਛੋਟੇ-ਛੋਟੇ ਆਲਾਪ ਲੈਂਦੇ, ਸ਼ਬਦ ਆਲਾਪ ਨੂੰ ਤਾਨਾਂ ਸਹਿਤ ਮਿਸ਼ਰਤ ਕਰਕੇ ਗਾਉਂਦੇ ਤਾਂ ਅਦਭੁੱਤ ਵਾਤਾਵਰਣ ਸਿਰਜਿਆ ਜਾਂਦਾ। ਤਾਨ ਦੀ ਇਤਨੀ ਢੁੱਕਵੀਂ ਫੁਰਤੀ ਤੇ ਸਫਾਈ ਮੈਂ ਹੋਰ ਕਿਸੇ ਰਾਗੀ ਵਿੱਚ ਨਾ ਦੇਖੀ ਹੈ ਨਾ ਸੁਣੀ ਹੈ।ਅਜਿਹੀ ਸੰਗੀਤਕ ਪ੍ਰਕਿਰਿਆ ਕਰਦਿਆਂ ਸ਼ਬਦ ਦਾ ਭਾਵ ਕਦੇ ਨਹੀਂ ਸੀ ਗੁਆਚਦਾ। ਸ਼ਬਦ ਦੀ ਸ਼ੁੱਧਤਾ ਤੇ ਸਪੱਸ਼ਟਤਾ ਉਵੇਂ ਹੀ ਕਾਇਮ ਰਹਿੰਦੀ ਸੀ।

ਭਾਈ ਸਮੁੰਦ ਸਿੰਘ ਜੀ ਦੀ 'ਆਸਾ ਦੀ ਵਾਰ' ਗਾਇਨ ਕਰਨ ਦੀ ਸ਼ੈਲੀ ਵੀ ਨਿਵੇਕਲੀ ਸੀ। ਇਸ ਵਾਰ ਵਿਚਲੇ ਛੰਤਾਂ ਦਾ ਗਾਇਨ ਉਹ ਅੱਡ ਅੱਡ ਤਾਲਾਂ ਵਿੱਚ ਜਾਦੂਮਈ ਢੰਗ ਨਾਲ ਕਰਦੇ ਤੇ ਕਈ ਵਾਰ ਸਲੋਕਾਂ ਨੂੰ ਪੜ੍ਹਦੇ-ਪੜ੍ਹਦੇ ਰਾਗ ਨੂੰ ਬਦਲ ਦਿੰਦੇ ਤੇ ਪਉੜੀ ਦਾ ਮੁਕਾਅ ਤਿਹਾਈ ਦੇ ਕੇ ਨਿਵੇਕਲੇ ਢੰਗ ਨਾਲ ਕਰਦੇ।

ਇਸ ਤੋਂ ਇਲਾਵਾ ਭਾਈ ਸਾਹਿਬ ਤਬਲੇ ਦੀ ਗੱਤਕਾਰੀ ਨਾਲ ਪਖਾਵਜੀ ਅੰਗ ਨੂੰ ਵੀ ਤਰਜੀਹ ਦਿੰਦੇ ਸਨ। ਜਦੋਂ ਉਹ ਸੋਰਠ ਦੀ ਚਉਕੀ ਪਿੱਛੋਂ ਰਾਤ ਦੇ ਅੱਠ ਵਜੇ ਕਦੇ (ਸੋਰਠ ਮਹਲਾ ਨੌਂਵਾਂ) **'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ'** ਜਾਂ (ਸੋਰਠ ਮਹਲਾ ਚੌਥਾ) ਸੋਰਠਿ ਤਾਮਿ ਸੁਹਾਵਣੀ- ਇਹ ਸ਼ਬਦ ਪੜ੍ਹਦੇ ਤਾਂ ਕਮਾਲ ਕਰ ਦਿੰਦੇ ਸਨ। ਸਰੋਤਿਆਂ ਦੀਆਂ ਸਮਾਧੀਆਂ ਲੱਗ ਜਾਂਦੀਆਂ। ਇਸ ਚਉਕੀ ਨੂੰ ਸੁਣਨ ਲਈ ਦੂਰ-ਦੂਰ ਤੋਂ ਸੰਗਤਾਂ ਉਚੇਚੇ ਤੌਰ ਤੇ



ਹੁੰਮ-ਹੁੰਮਾਂ ਕੇ ਆਉਂਦੀਆਂ ਸਨ ਤੇ ਭਾਈ ਸਾਹਿਬ ਦੀ ਰਸਨਾ ਤੋਂ ਰੱਬੀ ਬਾਣੀ ਦਾ ਕੀਰਤਨ ਸੁਣ ਕੇ ਨਿਹਾਲ ਹੋ ਜਾਂਦੀਆਂ ਸਨ।

ਭਾਈ ਸਾਹਿਬ ਦੀ ਜਿਥੇ ਗਾਇਕੀ ਨਿਵੇਕਲੀ ਸੀ ਉਥੇ ਉਹ ਵੱਡੇ ਤੋਂ ਵੱਡੇ ਤਾਲ ਐਸੇ ਢੰਗ ਨਾਲ ਗਾਉਂਦੇ ਸਨ ਕਿ ਕਲਾਕਾਰ ਵੀ ਦੰਗ ਰਹਿ ਜਾਂਦੇ। ਉਹ ਨੌਂ, ਗਿਆਰਾਂ, ਤੇਰਾਂ, ਪੰਦਰਾਂ, ਅਠਾਰਾਂ ਮਾਤਰਾਂ ਆਡਾ ਚੁਤਾਲਾ, ਧੁਮਾਰ ਫਰੋਦਸਤ ਗਾਉਂਦੇ ਤਾਂ ਹਰ ਬੰਦਾ ਆਨੰਦ ਮਾਣਦਾ ਸੀ। **ਉਨ੍ਹਾਂ ਦੀ ਆਵਾਜ਼ ਵਿੱਚ ਐਸੀ ਕੁਦਰਤੀ ਮੁਰਕੀ ਸੀ ਜੋ ਹੋਰਾਂ ਵਿੱਚ ਘੱਟ ਹੀ ਦੇਖੀ ਜਾਂਦੀ ਸੀ। ਬਿਖੜੇ ਤਾਲ ਨੂੰ ਗਾਉਣ ਦਾ ਜੋ ਭਾਈ ਸਾਹਿਬ ਦਾ ਅਭਿਆਸ ਸੀ ਇਹ ਵੀ ਇੱਕ ਵਿਲੱਖਣ ਗੱਲ ਸੀ।**

**ਭਾਈ ਸਾਹਿਬ ਆਪਣੇ ਸਮੇਂ ਦੇ ਪਹਿਲੇ ਰੇਡਿਓ ਆਰਟਿਸਟ ਸਨ।** ਇਸ ਨੂੰ ਹਾਸਿਲ ਕਰਨ ਲਈ ਉਨ੍ਹਾਂ ਰੇਡਿਓ ਸਟੇਸ਼ਨ ਦੇ ਨਿਯਮਾਂ ਨਾਲ ਸਮਝੌਤਾ ਨਹੀਂ ਕੀਤਾ। ਕਿਸੇ ਸ਼ਬਦ ਨੂੰ ਥੋੜ੍ਹਾ ਜਾਂ ਬਹੁਤਾ ਗਾ ਕੇ ਸ਼ਬਦ ਦੀ ਪਾਕ ਪਵਿੱਤਰਤਾ ਨੂੰ ਭੰਗ ਨਹੀਂ ਹੋਣ ਦਿੱਤਾ। ਕੋਈ ਤਾਂ ਕਲਾਕਾਰੀ ਸੀ ਜਿਸ ਕਰਕੇ ਸਮਕਾਲੀ ਰਾਗੀਆਂ ਵਿੱਚ ਸਿਰਫ਼ ਤੇ ਸਿਰਫ਼ ਭਾਈ ਸਮੁੰਦ ਸਿੰਘ ਜੀ ਦੇ ਸ਼ਬਦ ਲਾਹੌਰ ਰੇਡਿਓ ਸਟੇਸ਼ਨ ਤੋਂ ਬ੍ਰਾਡਕਾਸਟ ਹੁੰਦੇ ਸਨ। ਉਹ ਸਿਰਫ਼ ਉਹਨਾਂ ਸ਼ਬਦਾਂ ਨੂੰ ਚੁਣਦੇ ਜਿਹੜੇ ਪੰਜ, ਦਸ, ਪੰਦਰਾਂ ਜਾਂ ਵੀਹ ਮਿੰਟਾਂ ਦੇ ਸਮੇਂ ਅਨੁਸਾਰ ਪੂਰੇ ਉਤਰਦੇ, **ਉਹ ਆਕਾਸ਼ਵਾਣੀ ਦੇ 'ਏ ਕਲਾਸ' ਆਰਟਿਸਟ ਬਣੇ।**

ਆਪ ਦੀ ਸੰਗੀਤ ਕਲਾ ਦੀ ਪਰਖ ਕਰਕੇ **ਪੰਜਾਬ ਸਰਕਾਰ ਨੇ ਆਪ ਨੂੰ ਦੋ ਵਾਰ ਭਾਈ ਮਰਦਾਨਾ ਐਵਾਰਡ ਦੇ ਕੇ ਸਨਮਾਨਿਆਂ।** ਵਿਦਿਅਕ ਤੇ ਦੂਸਰੀਆਂ ਕਾਨਫਰੰਸਾ ਵਿੱਚ ਤੇ ਕੀਰਤਨ ਦਰਬਾਰਾਂ ਵਿੱਚ ਵੀ ਆਪ ਨੂੰ ਕਈ ਮਾਣ ਸਨਮਾਨ ਤੇ ਐਵਾਰਡ ਹਾਸਿਲ ਹੋਏ।

ਭਾਈ ਸਾਹਿਬ ਰਾਗ ਦੀਆਂ ਸੁਰਾਂ ਨੂੰ ਸਿਰਜਨ ਲੱਗਿਆਂ ਬਹੁਤਾ ਉਚੇਚ ਨਹੀਂ ਕਰਦੇ ਸਨ। ਉਹ ਦੂਸਰੇ ਰਾਗੀਆਂ ਵਾਂਗੂ ਰਾਗ ਦਾ ਸਰੂਪ ਖਿੱਚ ਖਿੱਚ ਕੇ ਜਾਂ ਉਚੇਚ ਕਰਕੇ ਨਹੀਂ ਉਸਾਰਦੇ ਸਨ। ਸਗੋਂ ਇਹ ਸੁੱਤੇ ਸਿੱਧ ਹੀ

ਪ੍ਰਗਟ ਹੋ ਜਾਂਦਾ।

ਭਾਈ ਸਾਹਿਬ ਦੇ ਗਲੇ ਵਿੱਚ ਰੀਤ, ਤਾਨ ਦਾ ਏਕਾ ਤੇ ਸੁਚੱਜਾ ਵਹਾਉ ਸੀ ਉਨ੍ਹਾਂ ਨੂੰ ਸੁਣ ਕੇ ਵੱਡੇ ਵੱਡੇ ਗਾਇਕ, ਸੰਗੀਤਕਾਰ ਆਪ ਮੁਹਾਰੇ ਬੋਲ ਉੱਠਦੇ ਸਨ 'ਵਾਹ! ਭਾਈ ਸਮੁੰਦ ਸਿੰਘ ਆਪ ਪਰ ਤੋ ਸਰਸਵਤੀ ਮਿਹਰਬਾਨ ਹੈ। "ਭਾਈ ਸਾਹਿਬ ਨਿਰਮਤਾ ਸਾਹਿਤ ਆਖਦੇ, "ਇਹ ਸਭ ਗੁਰੂ ਦੀ ਕ੍ਰਿਪਾ ਹੈ।"

ਭਾਈ ਸਾਹਿਬ ਦੀ ਗਾਇਕੀ ਦੇ ਨਾਲ-ਨਾਲ ਉਨ੍ਹਾਂ ਦੀ ਆਵਾਜ਼ ਵਿੱਚ ਜਿਥੇ ਮਧੁਰਤਾ ਤੇ ਕੋਮਲਤਾ ਸੀ ਉਥੇ ਸ਼ਬਦ ਉਚਾਰਨ ਵਿੱਚ ਸ਼ੁੱਧਤਾ ਤੇ ਸਪੱਸ਼ਟਤਾ ਸੀ। ਇਹ ਸਾਰੇ ਗੁਣ ਉਨ੍ਹਾਂ ਦੀ ਗਾਇਕੀ ਨੂੰ ਚਾਰ ਚੰਨ ਲਾ ਦਿੰਦੇ ਹਨ।

ਸਮੁੱਚੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ **ਭਾਈ ਸਾਹਿਬ ਰਾਗ ਪ੍ਰਤੀ, ਸੁਰ ਪ੍ਰਤੀ, ਤਾਲ ਪ੍ਰਤੀ ਤੇ ਸ਼ਬਦ ਪ੍ਰਤੀ ਪੂਰੇ ਸੁਚੇਤ ਰਹਿੰਦੇ।** ਜਦੋਂ ਵੀ ਸੰਗਤਾਂ ਵਿੱਚ ਗੁਰਬਾਣੀ ਕੀਰਤਨ ਕਰਦੇ ਸਨ।

ਭਾਈ ਸਾਹਿਬ ਅਜਿਹੇ ਕੀਰਤਨੀਏ ਸਨ ਜਿਹੜੇ ਸ਼ਾਸਤ੍ਰੀ ਸੰਗੀਤ ਦੀ ਸੂਝ ਰੱਖਦੇ ਸਨ। ਉਨ੍ਹਾਂ ਰਾਗਾਂ ਵਿੱਚ ਕੀਰਤਨ ਕਰਨ ਲਈ ਬਹੁਤ ਮਿਹਨਤ ਤੇ ਲਗਨ ਨਾਲ ਲੰਮੇਂ ਸਮੇਂ ਰਿਆਜ਼ ਕੀਤਾ। ਉਨ੍ਹਾਂ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਧਾਰਿਤ ਰਾਗਾਂ ਨੂੰ ਹੀ ਆਧਾਰ ਨਹੀਂ ਬਣਾ ਲਿਆ ਸਗੋਂ ਭਾਰਤੀ ਸੰਗੀਤ ਦੇ ਰਾਗਾਂ ਵਿੱਚ ਵੀ ਸ਼ਬਦਾਂ ਨੂੰ ਗਾਉਂਦੇ ਸਨ। ਇਸ ਲਈ ਰਾਗ-ਬੱਧ ਕੀਰਤਨ ਲਈ ਨਵੀਆਂ ਲੀਹਾਂ ਉਸਾਰਦੇ ਗਏ।

ਭਾਈ ਸਾਹਿਬ ਇਸ ਰਬਾਬੀ ਪਰੰਪਰਾ ਦੇ ਹੂ-ਬਹੂ ਪੈਰੋਕਾਰ ਨਹੀਂ ਬਣੇ। ਉਹ ਰਬਾਬੀ ਸ਼ਬਦ ਰੀਤਾਂ ਵਿੱਚ ਆਪਣੀ ਸੂਝ ਤੇ ਰੁਚੀ ਤੇ ਬੁੱਧੀ ਅਨੁਸਾਰ ਫੇਰ ਬਦਲ ਕੇ ਗਾਉਂਦੇ ਸਨ। ਭਾਈ ਸਾਹਿਬ ਨੇ ਬੈਠਵੀਂ ਲੈਅ ਨੂੰ ਉਮਰ ਭਰ ਤਰਜੀਹ ਨਹੀਂ ਦਿੱਤੀ ਸਗੋਂ ਸ਼ਬਦ ਦੇ ਆਕਾਰ ਮੁਤਾਬਿਕ ਹੀ ਲੈਅ ਨੂੰ ਤਬਦੀਲ ਕਰਦੇ ਸਨ।



ਭਾਈ ਸਾਹਿਬ ਨੇ ਜਿਥੇ ਸਾਰੀ ਉਮਰ ਸ਼ਬਦ ਨੂੰ ਸੁਰ ਵਿੱਚ ਗਾਇਆ ਉਥੇ ਜੀਵਨ ਵੀ ਗੁਰੂ ਦੀ ਦੱਸੀ ਮਰਿਆਦਾ ਅਨੁਸਾਰ ਸੁਰ ਕੀਤਾ। ਸੁਰਬੱਧ ਜੀਵਨ ਵਿੱਚੋਂ ਜਦੋਂ ਸੁਰ ਨਿਕਲਦੇ ਸੀ ਤੇ ਅੰਤਰ ਆਤਮਾ ਨੂੰ ਹਲੂਣਦੇ ਜਾਂਦੇ ਸਨ। ਅਜੋਕੇ ਕੀਰਤਨੀਏ ਅਜਿਹਾ ਸੰਗੀਤ ਵਰਤਦੇ ਹਨ ਜਿਸਦਾ ਪ੍ਰਭਾਵ ਵਕਤੀ ਤੇ ਥੋੜ੍ਹਾ ਚਿਰ ਹੁੰਦਾ ਹੈ ਤੇ ਜਲਦੀ ਹੀ ਦਿਲ ਦਿਮਾਗ ਤੋਂ ਅਲੋਪ ਹੋ ਜਾਂਦਾ ਹੈ।

ਇੱਕ ਵਾਰੀ ਗੁਰਮਤਿ ਰਾਗੀ ਸਭਾ ਦੇ ਸਲਾਨਾ ਦੀਵਾਨ ਦੇ ਮੌਕੇ ਤੇ **'ਤੇਰੇ ਭਰੋਸੇ ਪਿਆਰੇ, ਮੈ ਲਾਡ ਲਡਾਇਆ'** ਵਾਲਾ ਸ਼ਬਦ ਰਾਗ ਪਹਾੜੀ ਵਿੱਚ ਰਾਤ ਵੇਲੇ ਇਤਨਾ ਵਸਿਆ ਕਿ ਸਟੇਜ ਤੇ ਬੈਠੇ ਸਾਰੇ ਰਾਗੀ ਸਿੰਘ ਵੀ ਝੂਮ-ਝੂਮ ਕੇ ਗਾਇਨ ਕਰਨ ਲਗ ਪਏ, ਉਸ ਮੌਕੇ ਦੀ ਯਾਦ ਨੂੰ ਮੈਂ ਅੱਜ ਵੀ ਨਹੀਂ ਭੁਲਾ ਸਕਿਆ।

ਪ੍ਰਿੰਸੀਪਲ ਸ੍ਰ: ਕੁਲਦੀਪ ਸਿੰਘ ਅਨੁਸਾਰ, "ਭਾਈ ਸਮੁੰਦ ਸਿੰਘ ਉੱਜਲ ਆਚਾਰ, ਨਿਰਮਲ ਬੁੱਧੀ ਤੇ ਕੀਰਤਨ ਜੁਗਤੀ ਵਾਲੇ ਮਹਾਨ ਕੀਰਤਨੀਏ ਹੋਏ। ਜਿਨ੍ਹਾਂ ਨੂੰ ਮੈਂ ਅੱਖੀਂ ਡਿੱਠਾ ਤੇ ਕੰਨੀ ਸੁਣਿਆਂ ਹੈ। ਉਹ ਆਪਣੀ ਵਿਲੱਖਣ ਸ਼ੈਲੀ ਸਦਕਾ ਹੀ ਆਪਣੇ ਸਮਕਾਲੀ ਕੀਰਤਨੀਆਂ ਵਿੱਚ ਕੀਰਤਨ ਸਮਰਾਟ ਬਣਕੇ ਉੱਭਰੇ।

# ਭਾਈ ਸਮੁੰਦ ਸਿੰਘ ਜੀ ਦੇ ਨਿਜੀ ਅਨੁਭਵ

ਵੀਹਵੀਂ ਸਦੀ ਦੇ ਪਹਿਲੇ ਅੱਧ ਸਮੇਂ ਕੀਰਤਨ ਦਰਬਾਰ ਬਹੁਤ ਘੱਟ ਹੁੰਦੇ ਸਨ ਪਰ ਜੋ ਵੀ ਹੁੰਦੇ ਸਨ, ਉਹ ਬਹੁਤ ਮਹੱਤਵ ਰੱਖਦੇ ਸਨ। ਉਦੋਂ ਸਿਰਫ਼ ਗੁਰਪੁਰਬਾਂ ਦੇ ਮੌਕੇ ਜਾਂ ਕਿਸੇ ਟਾਂਵੇਂ-ਟਾਂਵੇਂ ਉਤਸਵ ਸਮੇਂ ਕੀਰਤਨ ਸਮਾਗਮ ਰਚਾਏ ਜਾਂਦੇ ਤਾਂ ਉਹਨਾਂ ਵਿੱਚ ਰਾਗੀ ਸਿੰਘ ਬੜੇ ਉਤਸ਼ਾਹ ਨਾਲ ਆਪੋ-ਆਪਣਾ ਹੁਨਰ ਦਿਖਾਉਣ ਲਈ ਆਦਿ ਗ੍ਰੰਥ ਵਿਚਲੀਆਂ ਪੜਤਾਲਾਂ ਤੇ ਅਸ਼ਟਪਦੀਆਂ ਲੈ ਕੇ ਉਹਨਾਂ ਨੂੰ ਭਿੰਨ ਭਿੰਨ ਰਾਗਾਂ ਤੇ ਤਾਲਾਂ ਵਿੱਚ ਉਚੇਚੇ ਤੌਰ ਤੇ ਗਾਉਂਦੇ ਸਨ।

ਪ੍ਰਿੰਸੀਪਲ ਦਿਆਲ ਸਿੰਘ ਨੇ ਆਪਣੇ ਲੇਖ (ਅਦੁੱਤੀ ਸਖ਼ਸ਼ੀਅਤ ਭਾਈ ਸਮੁੰਦ ਸਿੰਘ ਜੀ) ਵਿੱਚ ਲਿਖਿਆ ਹੈ ਕਿ ਇੱਕ ਵਾਰ ਸੰਨ 1950 ਵਿੱਚ ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਤੇ ਭਾਈ ਸਮੁੰਦ ਸਿੰਘ ਜੀ ਸ੍ਰੀ ਰਕਾਬ ਗੰਜ ਸਾਹਿਬ ਤੇ ਰਾਤ ਦੇ ਦੀਵਾਨ ਸਮੇਂ **"ਜੈ ਜੈ ਜਗ ਕਾਰਣ, ਸ੍ਰਿਸਟ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ॥"** (ਬਚਿਤ੍ਰ ਨਾਟਕ ਪਾ:10) ਦਾ ਛੰਦ ਮਾਲਕੌਂਸ ਰਾਗ ਵਿੱਚ ਐਸੀ ਮਸਤੀ ਨਾਲ ਪੜ੍ਹਿਆ ਕਿ ਸਾਰੀ ਸੰਗਤ ਬੀਰ ਰਸ ਦੇ ਰੰਗ ਵਿੱਚ ਰੰਗੀ ਗਈ।

ਇਹ ਸੁਣ ਕੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਕੱਤਰ ਸ੍ਰ: ਦਾਨ ਸਿੰਘ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਦਿੱਲੀ ਦੀ ਸੰਗਤ ਦੀ ਇੱਛਾ ਹੈ ਕਿ ਆਪ ਜੀ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਬਤੌਰ ਸਰਵਿਸ ਵਜੋਂ ਕੀਰਤਨ ਦੀ ਪ੍ਰਵਾਨਗੀ ਦੇ ਕੇ ਸੰਗਤਾਂ ਨੂੰ ਕਿਰਤਾਰਿਥ ਕਰੋ। ਭਾਈ ਸਾਹਿਬ ਉਦੋਂ ਬਚਨ ਦੇਣ ਤੋਂ ਟਾਲ ਗਏ। ਪਰ ਪਿੱਛੋਂ ਉਨ੍ਹਾਂ ਬੜੇ ਠਰ੍ਹਮੇਂ ਨਾਲ ਜਵਾਬ ਦਿੰਦਿਆਂ



ਕਿਹਾ ਮੈਂ ਭਾਵੇਂ ਸ੍ਰੀ ਨਨਕਾਣਾ ਸਾਹਿਬ ਬਹੁਤ ਅਰਸੇ ਤੱਕ ਸਰਵਿਸ ਰੂਪ ਵਿੱਚ ਕੀਰਤਨ ਦੀ ਸੇਵਾ ਕੀਤੀ ਹੈ, ਪਰ ਹੁਣ ਮੇਰੇ ਲਈ ਮੁਸ਼ਕਿਲ ਹੈ। ਕਾਰਨ ਇਹ ਹੈ ਕਿ ਉਥੇ ਮੈਂ ਖੁਦ ਮੁਖਤਿਆਰ ਸਾਂ। ਕੀਰਤਨ ਸੰਬੰਧੀ ਕੋਈ ਪ੍ਰੋਗਰਾਮ ਮੇਰੀ ਸਹਿਮਤੀ ਤੋਂ ਬਗੈਰ ਨਹੀਂ ਸੀ ਹੁੰਦਾ, ਹੁਣ ਸਮਾਂ ਬਦਲ ਗਿਆ ਹੈ। ਜਿਸ ਕਾਰਨ ਪ੍ਰਬੰਧਕ ਕਮੇਟੀਆਂ ਦੇ ਪ੍ਰਬੰਧ ਹੇਠ ਕੰਮ ਕਰਨਾ ਮੁਸ਼ਕਿਲ ਹੈ।

ਇਹ ਭਾਈ ਸਾਹਿਬ ਜੀ ਦੀ ਬੇਬਾਕ ਸਖ਼ਸ਼ੀਅਤ ਦੀ ਮਿਸਾਲ ਹੈ, ਜਿਸ ਕਾਰਨ ਉਹ ਚੰਗੀ ਤਨਖ਼ਾਹ ਤੇ ਸਹੂਲਤਾਂ ਦੇ ਹੁੰਦਿਆਂ ਹੋਇਆਂ ਵੀ ਕਿਸੇ ਗੁਰਦੁਆਰੇ ਵਿੱਚ ਪੱਕੇ ਤੌਰ ਤੇ ਨਹੀਂ ਰਹੇ। ਉਹ ਬਾਕੀ ਉਮਰ ਆਜ਼ਾਦ ਹੀ ਵਿਚਰਦੇ ਰਹੇ।

ਇੱਕ ਵਾਰ ਭਾਈ ਸਾਹਿਬ ਨੂੰ ਸ੍ਰ: ਗਿਆਨ ਸਿੰਘ ਐਬਟਾਬਾਦੀ ਦੀ ਸੰਗੀਤਕ ਥੀਊਰੀ ਦੀ ਪੁਸਤਕ ਅਰਪਣ ਕੀਤੀ ਗਈ ਤੇ ਪ੍ਰਿੰਸੀਪਲ ਦਿਆਲ ਸਿੰਘ ਨੇ ਇਸ ਪੁਸਤਕ ਬਾਰੇ ਵਿਚਾਰ ਜਾਣਨੇ ਚਾਹੇ। ਉਸ ਪੁਸਤਕ ਨੂੰ ਦੇਖ ਕੇ ਜੋ ਬਚਨ ਭਾਈ ਸਾਹਿਬ ਨੇ ਕਹੇ, ਉਹ ਅਮੋਲਕ ਸਨ। ਉਨ੍ਹਾਂ ਪ੍ਰਿੰਸੀਪਲ ਨੂੰ ਸੰਬੋਧਨ ਕਰਕੇ ਕਿਹਾ **"ਨਾ ਤਾਂ ਮੈਂ ਸੰਗੀਤਕ ਥੀਊਰੀ ਨੂੰ ਜਾਣਦਾ ਹਾਂ ਤੇ ਨਾ ਇਸ ਤਾਲ ਬੱਧ ਸਵੱਰ ਲਿਪੀ (ਨੋਟੇਸ਼ਨ) ਨੂੰ ਸਿੱਖਿਆ ਹੈ।" ਮੈਂ ਤਾਂ ਕੇਵਲ ਗੁਰੂ ਘਰ ਦਾ ਕੀਰਤਨੀਆਂ ਹਾਂ,** ਪਰ ਇੱਕ ਗੱਲ ਮੈਂ ਕਹਿ ਸਕਦਾ ਹਾਂ ਕਿ ਜਿਨ੍ਹਾਂ ਰਾਗਾਂ ਨੂੰ ਮੈਂ ਗਾਇਨ ਕਰਦਾ ਹਾਂ, ਉਨ੍ਹਾਂ ਨੂੰ ਕਿਸੇ ਚੰਗੇ ਗਾਇਕ ਵਾਦਕ ਤੋਂ ਜ਼ਰੂਰ ਸੁਣਦਾ ਹਾਂ ਜਿਵੇਂ ਰਾਗ ਲਲਿਤ, ਰਾਮਕਲੀ, ਅਹੀਰ ਭੈਰਉ, ਦੇਸੀ, ਟੋਡੀ, ਸਿੰਧ ਭੈਰਵੀ, ਮੁਲਤਾਨੀ ਅਤੇ ਆਦਿ, ਕਿਉਂਕਿ ਜੇਕਰ ਅਸੀਂ ਰਾਗਾਂ ਨੂੰ ਸ਼ੁੱਧ ਰਾਗਾਂ ਵਿੱਚ ਨਹੀਂ ਗਾਂਵਾਗੇ ਤਾਂ ਚੰਗੇ ਸਰੋਤਿਆਂ ਤੇ ਸਾਡੀ ਗਾਇਕੀ ਦਾ ਕੋਈ ਪ੍ਰਭਾਵ ਨਹੀਂ ਪਵੇਗਾ।

ਇਸ ਕਰਕੇ ਮੈਂ ਉਨ੍ਹਾਂ ਪੁਰਾਤਨ ਸ਼ਬਦ ਰੀਤਾਂ ਨੂੰ ਜਿਨ੍ਹਾਂ ਵਿੱਚ ਰਾਗ ਦਾ ਸਹੀ ਸਰੂਪ ਪ੍ਰਗਟ ਨਾ ਹੋਵੇ ਨਹੀਂ ਗਾਉਂਦਾ। ਪ੍ਰਿੰਸੀਪਲ ਦਿਆਲ ਸਿੰਘ ਜੀ ਨੇ ਇਸ ਘਟਨਾ ਦਾ ਬਿਆਨ ਆਪਣੇ ਲੇਖ ਵਿੱਚ ਕੀਤਾ ਹੈ ਕਿ ਇੱਕ ਵਾਰ ਭਾਈ

ਸਾਹਿਬ ਹਰਿਮੰਦਰ ਸਾਹਿਬ ਕੀਰਤਨ ਕਰਨ ਗਏ। ਇਨ੍ਹਾਂ ਤੋਂ ਪਹਿਲਾਂ ਰਾਗੀ ਨੇ ਦੱਸਿਆ ਕਿ ਉਨ੍ਹਾਂ ਨੇ ਹਮੀਰ ਰਾਗ ਵਿੱਚ ਸ਼ਬਦ ਪੜ੍ਹਿਆ ਹੈ। ਭਾਈ ਹਰਨਾਮ ਸਿੰਘ ਜੋ ਭਾਈ ਸਮੁੰਦ ਸਿੰਘ ਜੀ ਨਾਲ ਤਬਲੇ ਤੇ ਸੰਗਤ ਕਰਦੇ ਸਨ ਉਨ੍ਹਾਂ ਪੁੱਛਿਆ ਕੀ ਉਹ ਰਾਗੀ ਜੋ ਕਹਿੰਦੇ ਸਨ ਕਿ ਉਨ੍ਹਾਂ ਹਮੀਰ ਰਾਗ ਵਿੱਚ ਸ਼ਬਦ ਪੜ੍ਹਿਆ ਹੈ। ਭਲਾ ਕੀ ਉਹ ਇਸ ਰਾਗ ਵਿੱਚ ਕਲਿਆਣ ਰਾਗ ਦਾ ਆਲਾਪ ਨਹੀਂ ਸੀ ਕਰ ਰਹੇ? ਇਹ ਸੁਣ ਕੇ ਭਾਈ ਸਾਹਿਬ ਕਹਿਣ ਲਗੇ "ਇਹ ਨਿਗੁਰੇ ਲੋਕ ਹਨ। ਇਨ੍ਹਾਂ ਵਿੱਚ ਹਉਮੈ ਦਾ ਰੋਗ ਹੈ...., ਇਹ ਕਿਸੇ ਤੋਂ ਸ਼ਬਦ ਰੀਤ ਪੁੱਛਣਾ ਤਾਂ ਕਿਧਰੇ ਰਿਹਾ ਰਾਗ ਦਾ ਨਾਮ ਜਾਂ ਸਵੱਰ ਰੂਪ ਪੁੱਛਣਾ ਵੀ ਆਪਣੀ ਹੇਠੀ ਸਮਝਦੇ ਸਨ। ਇਹ ਕੇਵਲ ਸੁਣ ਕੇ ਦੂਸਰੇ ਦੀ ਸ਼ਬਦ ਰੀਤ ਨੂੰ ਗਾਇਨ ਕਰਨਾ ਹੀ ਆਪਣੀ ਕਲਾਕਾਰੀ ਸਮਝਦੇ ਸਨ। ਸੋ ਨਿਝੱਕ ਹੋ ਕੇ ਗੱਲ ਕਰਨਾ ਭਾਈ ਸਾਹਿਬ ਦੀ ਆਦਤ ਸੀ।

**ਭਾਈ ਸਾਹਿਬ ਆਪ ਕਹਿੰਦੇ ਸਨ ਕਿ ਮੈਂ ਰਿਆਜ਼ ਤੋਂ ਇਲਾਵਾ ਬਾਣੀ ਕੰਠ ਕਰਨ ਦਾ ਅਭਿਆਸ ਵੀ ਕਰਦਾ ਹਾਂ।** ਮੈਂ ਕਈ ਵਾਰੀ ਅਜਿਹਾ ਹੁੰਦਾ ਹੈ ਕਿ ਕੀਰਤਨ ਕਰਦਿਆਂ ਜਦੋਂ ਕਿਤੇ ਸ਼ਬਦ ਦੀ ਤੁੱਕ ਭੁੱਲ ਜਾਂਦਾ ਜਾਂ ਅੱਗੇ ਪਿੱਛੇ ਕਰ ਜਾਂਦਾ ਹਾਂ ਤਾਂ ਮੇਰਾ ਸਾਥੀ ਭਾਈ ਤੇਜਾ ਸਿੰਘ ਜੀ ਸ਼ਬਦ ਦੀਆਂ ਤੁੱਕਾਂ ਮੁੜ ਗਾਇਨ ਕਰਦੇ ਸਨ। ਉਦੋਂ ਮੈਨੂੰ ਪਤਾ ਲੱਗਦਾ ਕਿ ਸ਼ਬਦ ਦੀਆਂ ਸਤਰਾਂ ਦੀ ਤਰਤੀਬ ਵਿੱਚ ਕੋਈ ਅੰਤਰ ਆ ਗਿਆ ਹੈ। ਮੈਂ ਆਪਣੀ ਕਲਾ ਵਿੱਚ ਇੰਨਾ ਮਗਨ ਹੋ ਜਾਂਦਾ ਹਾਂ ਕਿ ਮੇਰੀ ਸੁਰਤ ਇੱਕ ਥਾਂ ਟਿੱਕ ਜਾਂਦੀ ਤੇ ਮੈਨੂੰ ਪਤਾ ਨਹੀਂ ਲੱਗਦਾ ਕਿ ਮੈਂ ਕਿੱਥੇ ਸਾਂ, ਕੀ ਕਰ ਰਿਹਾ ਸਾਂ ਤੇ ਅੱਗੇ ਕੀ ਕਰਨਾ ਹੈ। ਭਾਈ ਸਾਹਿਬ ਕਿਸੇ ਸਮੇਂ ਕੀਰਤਨ ਕਰਦਿਆਂ-ਕਰਦਿਆਂ ਇਸ ਅਵੱਸਥਾ ਵਿੱਚ ਪਹੁੰਚ ਜਾਂਦੇ ਸਨ।

ਪ੍ਰਸਿੱਧ ਲਿਖਾਰੀ ਐਸ. ਐਸ. ਅਮੋਲ ਭਾਈ ਸਮੁੰਦ ਸਿੰਘ ਜੀ ਦੇ ਵਿਸ਼ੇਸ਼ ਪ੍ਰਸੰਸਕ ਤੇ ਸਰੋਤਾ ਸਨ। ਉਹ ਲਾਇਲਪੁਰ ਖਾਲਸਾ ਜਲੰਧਰ ਵਿੱਚ ਵਿਦਿਆਰਥੀਆਂ ਤੇ ਸਟਾਫ ਨੂੰ ਭਾਈ ਸਾਹਿਬ ਦਾ ਕੀਰਤਨ ਸੁਣਾਉਣ



ਅਕਸਰ ਬੁਲਾਉਂਦੇ ਸਨ। ਜਦੋਂ ਵੀ ਭਾਈ ਸਾਹਿਬ ਜਲੰਧਰ ਰੇਡਿਓ ਸਟੇਸ਼ਨ ਤੋਂ ਕੀਰਤਨ ਦਾ ਪ੍ਰੋਗਰਾਮ ਦੇਣ ਲਈ ਜਾਂਦੇ ਤਾਂ ਕਾਲਜ ਵਿੱਚ ਕੀਰਤਨ ਸਮਾਗਮ ਰੱਖ ਲਿਆ ਜਾਂਦਾ।

ਇੱਕ ਵਾਰ ਉਨ੍ਹਾਂ ਭਾਈ ਸਾਹਿਬ ਤੋਂ ਬਹੁਤ ਰਮਜ਼ ਭਰੀਆਂ ਗੱਲਾਂ ਪੁੱਛੀਆਂ। ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਗੁਰਪੁਰਬ ਸੀ। ਜਿਸ ਸੰਬੰਧ ਵਿੱਚ ਕਾਲਜ ਵਿੱਚ ਦਰਬਾਰ ਆਯੋਜਿਤ ਕੀਤਾ ਗਿਆ। ਉਸ ਸਮੇਂ ਭਾਈ ਸਾਹਿਬ ਐਸ. ਐਸ. ਅਮੋਲ ਦੇ ਸਤਿਕਾਰਯੋਗ ਮਹਿਮਾਨ ਸਨ। ਉਨ੍ਹਾਂ ਭਾਈ ਸਾਹਿਬ ਨੂੰ ਪੁੱਛਿਆ ਕਿ ਰੇਡਿਓ ਸਟੇਸ਼ਨ ਦੇ ਡਾਇਰੈਕਟਰ ਸਾਰੇ ਰਾਗੀਆਂ ਨੂੰ ਛੱਡ ਕੇ ਤੁਹਾਨੂੰ ਕਿਉਂ ਲਗਾਤਾਰ ਪ੍ਰੋਗਰਾਮਾਂ ਤੇ ਸੱਦਦੇ ਹਨ। ਭਾਈ ਸਾਹਿਬ ਨੇ ਬੜੇ ਨਿਮਰਤਾ ਸਹਿਤ ਗੁਰਬਾਣੀ ਦੀ ਇੱਕ ਤੁੱਕ ਬੋਲ ਕੇ ਇਸ ਸਵਾਲ ਦਾ ਜਵਾਬ ਦਿੱਤਾ, **'ਵਡੇ ਹਥ ਵਡਿਆਈਆ ਜੈ ਭਾਵੈ ਤੈ ਦੇਇ॥ '**

ਜਦੋਂ ਭਾਈ ਸਾਹਿਬ ਨੂੰ ਇਹ ਸਵਾਲ ਪੁੱਛਿਆ ਗਿਆ ਕਿ ਆਮ ਤੌਰ ਤੇ ਕੀਰਤਨ ਦੇ ਸਰੋਤੇ ਆਖਦੇ ਹਨ ਕਿ ਸਾਨੂੰ ਪੱਕੇ ਰਾਗਾਂ ਦੀ ਕੋਈ ਸਮਝ ਨਹੀਂ ਆਉਂਦੀ ਪਰ ਪਤਾ ਨਹੀਂ ਫਿਰ ਵੀ ਤੁਹਾਡਾ ਕੀਰਤਨ ਆਮ ਸੰਗਤਾਂ ਨੂੰ ਕਿਵੇਂ ਖਿੱਚ ਪਾਉਂਦਾ ਹੈ। ਇਸ ਭੁਲੇਖੇ ਨੂੰ ਸਪੱਸ਼ਟ ਕਰਦਿਆਂ ਭਾਈ ਸਾਹਿਬ ਨੇ ਆਖਿਆ। ਇਸਦੇ ਕਈ ਕਾਰਨ ਹਨ ਇੱਕ ਤਾਂ ਇਹ ਜੋ ਰਾਗੀ ਬਾਣੀ ਨੂੰ ਪਿੱਛੇ ਤੇ ਰਾਗ ਨੂੰ ਅੱਗੇ ਕਰ ਦਿੰਦੇ ਹਨ, ਉਹ ਸੰਗਤਾਂ ਦੀ ਆਤਮਿਕ ਸੰਤੁਸ਼ਟਾ ਨਹੀਂ ਕਰ ਸਕਦੇ, ਕਿਉਂਕਿ ਸਾਰੀ ਸੰਗਤ ਵਿੱਚ ਕੋਈ ਵਿਰਲੇ ਹੀ ਸੰਗੀਤ ਦੀ ਕਲਾ ਦੇ ਗੁੱਝੇ ਤੇ ਡੂੰਘੇ ਭੇਤਾਂ ਨੂੰ ਸਮਝਦੇ ਹੁੰਦੇ ਹਨ। ਉਨ੍ਹਾਂ ਨੂੰ ਲੋੜ ਹੁੰਦੀ ਹੈ ਸ਼ਬਦ ਦੇ ਰਸ ਦੀ, ਉਸ ਦੇ ਭਾਵ ਦੀ ਜਾਂ ਗੁਰੂ ਦੇ ਸੰਦੇਸ਼ ਦੀ। ਉਨ੍ਹਾਂ ਉੱਤੇ ਤਾਂ ਕਲਾ ਦਾ ਇੱਕ ਗੋਹਜ ਜਿਹਾ ਪ੍ਰਭਾਵ ਅਸਰ ਕਰਦਾ ਹੈ। ਭਾਵੇਂ ਅਸਰ ਤੋਂ ਖਾਲੀ ਕਦੇ ਨਹੀਂ ਜਾਂਦਾ।

ਸ਼ਾਸਤ੍ਰੀ ਸੰਗੀਤ ਦਾ ਅਜਿਹਾ ਅਸਰ ਕਬੂਲਣ ਲਈ ਬਹੁਤ ਲੰਮਾ ਸਮਾਂ ਚਾਹੀਦਾ ਹੈ ਤੇ ਸੁਣਨ ਦਾ ਵੀ ਲੰਮਾ ਅਭਿਆਸ। ਸੰਗਤਾਂ ਵਿੱਚ ਕੀਰਤਨ

ਸੁਣਨ ਲਈ ਨਾ ਹੁਣ ਇੰਨਾ ਸਮਾਂ ਹੈ ਤੇ ਨਾ ਸੁਣਾਉਣ ਵਾਲਿਆਂ ਵਿੱਚ ਇੰਨਾ ਧੀਰਜ। ਭਾਈ ਸਾਹਿਬ ਨੇ ਅੱਗੋਂ ਇਹ ਸਪੱਸ਼ਟ ਕੀਤਾ ਕਿ ਸੰਗੀਤ ਵਾਂਗ ਬਾਣੀ ਦੀ ਸਮਝ ਲਈ ਵੀ ਅਭਿਆਸ ਤੇ ਨਾਲ ਹੀ ਅਰਥ ਭਾਵ ਦੀ ਸੋਝੀ ਹੋਣੀ ਚਾਹੀਦੀ ਹੈ। ਪੁਰਾਤਨ ਸਮੇਂ ਦੀ ਲਿਖੀ ਹੋਈ ਇਸ ਬਾਣੀ ਵਿਚਲੇ ਸ਼ਬਦ ਬਹੁਤ ਕਰਕੇ ਅੱਜ ਦੀ ਆਮ ਬੋਲੀ ਨਾਲੋਂ ਭਿੰਨਤਾ ਰੱਖਦੇ ਹਨ। ਇਸ ਲਈ ਅਭਿਆਸ ਤੇ ਭਾਵ ਗ੍ਰਹਿਣ ਕੀਤੇ ਬਿਨਾਂ ਸ਼ਬਦ ਦੀ ਸਮਝ ਨਹੀਂ ਆਉਂਦੀ।

ਜਦੋਂ ਭਾਈ ਸਾਹਿਬ ਨੂੰ ਇਹ ਪੁੱਛਿਆ ਗਿਆ ਕਿ ਬਾਣੀ ਦਾ ਪ੍ਰਭਾਵ ਗ੍ਰਹਿਣ ਕਰਵਾਉਣ ਲਈ, ਕੀ ਰਾਗੀ ਸਿੰਘ ਨੂੰ ਵਿਆਖਿਆ ਨਹੀਂ ਕਰਨੀ ਚਾਹੀਦੀ ਤਾਂ ਜੋ ਬਾਣੀ ਦਾ ਭਾਵ ਸਪੱਸ਼ਟ ਹੋ ਜਾਵੇ? ਤੁਸੀਂ ਤਾਂ ਨਿਰੋਲ ਕੀਰਤਨ ਕਰਦੇ ਹੋ ਤਾਂ ਇਸ ਦੇ ਉੱਤਰ ਵਜੋਂ ਭਾਈ ਸਾਹਿਬ ਨੇ ਸਪੱਸ਼ਟ ਕੀਤਾ ਕਿ ਮੇਰਾ ਖਿਆਲ ਇਹ ਹੈ ਕਿ ਵਿਆਖਿਆ ਲਈ ਬਹੁਤ ਵਿਦਿਆ, ਗਿਆਨ ਤੇ ਅਭਿਆਸ ਚਾਹੀਦਾ ਹੈ। ਕੀ ਇਹ ਸੰਗੀਤ ਕਲਾ ਦੀ ਤੇ ਸੰਗੀਤਕਾਰ ਦੀ ਹੇਠੀ ਨਹੀਂ ਕਿ ਉਸ ਦਾ ਗਾਇਨ ਕੀਰਤਨ ਸਰੋਤਿਆਂ ਤੇ ਅਸਰ ਨਾ ਕਰੇ ਤੇ ਉਹ ਅਸਰ ਨੂੰ ਵਧਾਉਣ ਲਈ ਭਾਸ਼ਣਕਾਰ ਦੀ ਡਿਊਟੀ ਲੈ ਲਵੇ।

ਜੇਕਰ ਕਿਸੇ ਸ਼ਬਦ ਦਾ ਕਠਿਨ ਭਾਵ ਹੈ ਤਾਂ ਸ਼ੁਰੂ ਵਿੱਚ ਉਥਾਨਕਾ ਤੇ ਭੂਮਿਕਾ ਦੀ ਥਾਂ ਤੇ ਇਹ ਦਸ ਦੇਣਾ ਚਾਹੀਦਾ ਹੈ ਕਿ ਇਹ ਕਿਸ ਗੁਰੂ ਦੀ ਬਾਣੀ ਹੈ, ਕਿਸ ਰਾਗ ਵਿੱਚ ਹੈ ਤੇ ਅਸੀਂ ਕਿਸ ਰਾਗ ਵਿੱਚ ਇਸ ਨੂੰ ਗਾ ਰਹੇ ਹਾਂ ਤੇ ਇਹ ਰਾਗ ਕਿਸ ਸਮੇਂ ਦਾ ਹੈ। ਅਜਿਹਾ ਕਰਨ ਨਾਲ ਸਰੋਤਿਆਂ ਦੀ ਬਹੁਤ ਸਾਰੀ ਦੁਬਿਧਾ ਹੱਲ ਹੋ ਸਕਦੀ ਹੈ।

ਇਸ ਲਈ ਮੈਂ ਇਹ ਢੰਗ ਵਰਤਦਾ ਹਾਂ ਕਿ ਲੋੜ ਅਨੁਸਾਰ ਵਿਆਖਿਆ ਘੱਟ ਤੋਂ ਘੱਟ ਪਰ ਕੀਰਤਨ ਬਾਣੀ ਤੇ ਕਲਾ ਨੂੰ ਇੱਕ ਮਿਸ਼ਰਤ ਰੂਪ ਵਿੱਚ ਮੁੱਖ ਰੱਖਦਾ ਹਾਂ। ਰੇਡਿਓ ਸਟੇਸ਼ਨ ਵਾਲੇ ਵੀ ਮੈਨੂੰ ਇਸੇ ਕਰਕੇ ਬਾਰ-ਬਾਰ ਸੱਦਦੇ ਹਨ ਕਿਉਂਕਿ ਮੈਨੂੰ ਸ਼ਾਸਤ੍ਰੀ ਸੰਗੀਤ ਦੀ ਸਮਝ ਹੈ ਤੇ ਉਹ ਮੈਂ ਵਰਤਦਾ ਹਾਂ। ਜਦੋਂ ਭਾਈ ਸਾਹਿਬ ਨੂੰ ਪੁੱਛਿਆ ਕਿ ਪੱਕੇ ਰਾਗਾਂ ਵਿੱਚ ਕੀਰਤਨ



ਕਰਨ ਦੀ ਵਿਰੋਧਤਾ ਆਮ ਸੰਗਤਾਂ ਕਿਉਂ ਕਰਦੀਆਂ ਹਨ ਤਾਂ ਇਸ ਭੇਤ ਨੂੰ ਪ੍ਰਗਟਾਉਂਦਿਆਂ ਉਹਨਾਂ ਸਪੱਸ਼ਟ ਕੀਤਾ ਕਿ ਇਸ ਦਾ ਭੇਤ 'ਅਤਿ' ਦਾ ਹੈ।

ਜੋ ਲੋਕ ਗਲਾ ਫੇਰਨ ਦਾ ਦਿਖਾਵਾ ਜਾਂ ਆਲਾਪ ਤੇ ਸ਼ਾਨ ਦਾ ਦਿਖਾਵਾ ਕਰਨ ਤੇ ਤੁਲ ਪੈਂਦੇ ਹਨ ਜਾਂ ਕੀਰਤਨ ਹੁੰਦਿਆਂ ਤਬਲੇ ਤੇ ਹੁਨਰ ਦਾ ਰੋਹਬ ਪਾਉਣਾ ਚਾਹੁੰਦੇ ਹਨ। ਸ਼ਾਇਦ ਇਹ ਦਿਖਾਵਾ ਹੈ। ਜਿਸ ਤੋਂ ਕਈ ਸੱਜਣਾਂ ਨੂੰ ਨਿਰਾਸ਼ਤਾ ਹੋਈ ਹੈ। ਗਲਾ ਮੈਂ ਵੀ ਫੇਰਦਾ ਹਾਂ ਤਾਨ, ਪਲਟਾ, ਮੁਰਕੀ ਤੇ ਗਰਾਰੀ ਸਭ ਕੁਝ ਵਰਤਦਾ ਹਾਂ, ਪਰ ਮੇਰਾ ਗਲਾ ਫੇਰਨਾ ਜਾਂ ਸੰਗੀਤ ਦੇ ਹੋਰ ਹੁਨਰ ਤੇ ਪੁਰਾਣੀਆਂ ਰੀਤੀਆਂ ਵਰਤਣੀਆਂ ਕੀਰਤਨ ਦੇ ਰਸ ਨੂੰ ਵਧਾਉਣ ਲਈ ਹੁੰਦੀਆਂ ਹਨ, ਹੁਨਰ ਦਾ ਦਿਖਾਵਾ ਕਰਨ ਲਈ ਨਹੀਂ। ਇਹ ਸਭ ਕੁਝ ਮੱਠਾ-ਮੱਠਾ ਹੁੰਦਾ ਹੈ ਅਤੇ ਸਰੋਤਿਆਂ ਨੂੰ ਮੇਰੀਆਂ ਇਹ ਕਿਰਿਆਵਾਂ ਰੜਕਦੀਆਂ ਨਹੀਂ ਕਿਉਂਕਿ ਬਹੁਤ ਸਾਰਿਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਮੈਂ ਸ਼ਬਦ ਵਿੱਚ ਹੀ ਉਸਦਾ ਪਾਠ ਜਾਂ ਗਾਇਨ ਵਿੱਚ ਹੀ ਆਲਾਪ ਵੀ ਕਰ ਗਿਆ ਹਾਂ ਤੇ ਗਲਾ ਵੀ ਫੇਰ ਗਿਆ ਹਾਂ।

**ਭਾਈ ਸਾਹਿਬ ਜਿਥੇ ਆਪਣੀ ਕੀਰਤਨ ਸ਼ੈਲੀ ਤੋਂ ਸੁਚੇਤ ਸਨ ਉਥੇ ਦੂਸਰੇ ਰਾਗੀਆਂ ਨੂੰ ਸੁਣਦੇ ਤੇ ਸ਼ਲਾਘਾ ਵੀ ਕਰਦੇ ਸਨ। ਆਪ ਆਪਣਾ ਕੀਰਤਨ ਕਰਕੇ ਦਰਬਾਰ ਛੱਡ ਕੇ ਨਹੀਂ ਚਲੇ ਜਾਂਦੇ ਸਨ।**

ਇੱਕ ਵਾਰ ਸ੍ਰੀ ਸੀਸ ਗੰਜ ਸਾਹਿਬ ਵਿਖੇ ਦਾ ਕੀਰਤਨ ਸਮਾਗਮ ਰੱਖਿਆ ਗਿਆ। ਕਈ ਰਾਗੀਆਂ ਨੇ ਇੱਕ ਤੋਂ ਵੱਧ ਕੇ ਕੀਰਤਨ ਕਲਾ ਦੇ ਜੌਹਰ ਦਿਖਾਏ। ਜਦੋਂ ਸੰਤ ਸੁਜਾਨ ਸਿੰਘ ਜੀ ਦੀ ਵਾਰੀ ਆਈ ਤਾਂ ਭਾਈ ਸਮੁੰਦ ਸਿੰਘ ਅਚਨਚੇਤ ਹੀ ਕਹਿ ਉੱਠੇ, 'ਨਹੀਂ ਰੀਸਾਂ ਸੁਜਾਨ ਸਿੰਘ ਤੇਰੀਆਂ।' ਤੇਰੀ ਸ਼ੈਲੀ ਕੀਰਤਨ ਦੀ ਨਹੀਂ ਸੀ ਪਰ ਹੁਣ ਤੇਰੇ ਕਾਰਨ ਇਹ ਸ਼ੈਲੀ ਦਾ ਰੁਤਬਾ ਹਾਸਲ ਕਰੇਗੀ; ਪਰ ਤੇਰੇ ਤੋਂ ਬਾਅਦ ਇਹ ਸ਼ੈਲੀ ਵੀ ਨਹੀਂ ਰਹਿਣੀ, ਅਫਸੋਸ ਹੋਵੇਗਾ। ਇੱਕ ਵਾਰੀ ਭਾਈ ਸਾਹਿਬ ਨੇ ਸਾਰੀ ਆਸਾ ਜੀ ਦੀ ਵਾਰ ਦਾ ਕੀਰਤਨ ਭਾਈ ਸੰਤਾ ਸਿੰਘ ਤੋਂ ਸੁਣਕੇ ਇਤਨੇ ਪ੍ਰਸੰਨ ਹੋਏ ਕੇ ਕਿਹਾ 'ਭਾਈ

ਸੰਤਾ ਸਿੰਘ ਉਹ ਮਾਂ ਨਹੀਂ ਜੰਮਣੀ ਜਿਸਨੇ ਤੈਨੂੰ ਜਨਮ ਦਿੱਤਾ ਹੈ।' ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀਆਂ ਪੁਰਾਤਨ ਗਾਈਆਂ ਝੂਮਰ, ਧਮਾਰ ਸ਼ੈਲੀ ਦੇ ਕੀਰਤਨ ਤੋਂ ਵੀ ਭਾਈ ਸਾਹਿਬ ਬਹੁਤ ਪ੍ਰਭਾਵਿਤ ਸਨ। ਸੋ ਗੁਰਮਤਿ ਕੀਰਤਨ ਕਲਾ ਲਈ ਸਮਰਪਿਤ ਭਾਈ ਸਮੁੰਦ ਸਿੰਘ ਜੀ ਅਜਿਹਾ ਕੀਰਤਨੀਆਂ ਸੀ, ਜਿਸ ਦੀ ਰੂਹਾਨੀ ਸਰੋਤ ਕੀਰਤਨ ਸਲਾਹੁਣ ਦੀ ਸੋਝੀ ਵੀ ਰੱਖਦੀ ਸੀ।

ਭਾਈ ਸਮੁੰਦ ਸਿੰਘ ਆਪਣੇ ਸਾਥੀਆਂ ਨਾਲ ਦਿਲੋਂ ਪਿਆਰ ਕਰਦੇ ਸਨ ਤੇ ਉਨ੍ਹਾਂ ਨੂੰ ਵਡਿਆਉਂਦੇ ਵੀ ਬਹੁਤ ਸਨ। ਭਾਈ ਹਰਨਾਮ ਸਿੰਘ ਜਿਥੇ ਬਹੁਤ ਮਿੱਠਾ ਤੇ ਪਿਆਰਾ ਤਬਲਾ ਵਜਾਉਂਦੇ ਉਥੇ ਉੱਚੀ ਤਾਰ ਸਪਤਕ ਸੁਰ ਵਿੱਚ ਆਲਾਪ ਤੇ ਗਾਇਨ ਦਾ ਸਾਥ ਵੀ ਦਿੰਦੇ। ਭਾਈ ਹਰਨਾਮ ਸਿੰਘ ਜੀ ਨੇ ਦੱਸਿਆ ਕਿ ਮੈਂ ਭਾਈ ਸਾਹਿਬ ਦੇ ਨਾਲ 26 ਵਰ੍ਹੇ ਸਾਥੀ ਵਜੋਂ ਸੇਵਾ ਨਿਭਾਈ ਇੱਕ ਵਾਰ ਉਨ੍ਹਾਂ ਨੂੰ ਵੀ ਭਾਈ ਸੁਰਜਨ ਸਿੰਘ ਨੇ ਵੱਧ ਪੈਸੇ ਦੇ ਕੇ ਆਪਣੇ ਸਾਥੀ ਵਜੋਂ ਜੋੜਨ ਲਈ ਸੁਨੇਹਾ ਭੇਜਿਆ। ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। **ਭਾਈ ਸਾਹਿਬ ਹਰਨਾਮ ਸਿੰਘ ਨੂੰ ਬੱਚਿਆਂ ਵਾਂਗ ਪਿਆਰ ਕਰਦੇ ਸਨ। ਉਸਦਾ ਵਿਆਹ ਆਪਣੇ ਹੱਥੀਂ ਕੀਤਾ ਤੇ ਉਸਦੇ ਬੱਚਿਆਂ ਨੂੰ ਪੜ੍ਹਾਇਆ।** ਤਾਂਕਿ ਉਹ ਵੱਡੀਆਂ ਵੱਡੀਆਂ ਡਿਗਰੀਆਂ ਲੈ ਕੇ ਚੰਗੀਆਂ ਨੌਕਰੀਆਂ ਤੇ ਲੱਗ ਸਕਣ।

ਭਾਈ ਹਰਨਾਮ ਸਿੰਘ ਜੀ ਨੇ ਦੱਸਿਆ ਕਿ ਉਹ ਮੈਨੂੰ ਕਹਿੰਦੇ ਸਨ ਕਿ ਤੂੰ ਫ਼ਜ਼ੂਲ ਖਰਚ ਨਾ ਕਰਿਆ ਕਰ, ਤੇਰੀ ਕਬੀਲਦਾਰੀ ਵੱਡੀ ਹੈ। ਤੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਹੈ।" ਹਰਨਾਮ ਸਿੰਘ ਨੇ ਦੱਸਿਆ ਕਿ ਮੈਂ ਜਦੋਂ ਕਦੀ ਬੀਮਾਰੀ ਜਾਂ ਮਜ਼ਬੂਰੀ ਕਾਰਨ ਨਾ ਜਾ ਸਕਣਾ ਤਾਂ ਉਨ੍ਹਾਂ ਜਵਾਬ ਦੇ ਦੇਣਾ ਤੇ ਕਹਿਣਾ ਕਿ ਮੇਰਾ ਸਾਥੀ ਨਹੀਂ ਹੈ ਤੇ ਮੈਂ ਕੀਰਤਨ ਨਹੀਂ ਕਰ ਸਕਦਾ। ਮੇਰੀਆਂ ਬਾਹਵਾਂ ਮੇਰੇ ਸਾਥੀ ਹਨ। ਮੈਂ ਤਾਂ ਇਨ੍ਹਾਂ ਦੇ ਸਿਰ ਤੇ ਹੀ ਉੱਡਦਾ ਫਿਰਦਾ ਹਾਂ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਆਪਣੇ



ਸਾਥੀਆਂ ਨੂੰ ਅਤਿ ਦਾ ਪਿਆਰ ਕਰਦੇ ਸਨ ਤੇ ਉਨ੍ਹਾਂ ਦੀ ਹਰ ਲੋੜ ਨੂੰ ਪੂਰਿਆਂ ਕਰਨਾ ਆਪਣਾ ਫ਼ਰਜ਼ ਸਮਝਦੇ ਸਨ।

ਇੱਕ ਵਾਰ ਭਾਈ ਸਾਹਿਬ ਬੀਮਾਰ ਸਨ। ਭਾਈ ਅਵਤਾਰ ਸਿੰਘ ਹਜ਼ੂਰੀ ਰਾਗੀ (ਸੀਸ ਗੰਜ) ਉਨ੍ਹਾਂ ਨੂੰ ਮਿਲਣ ਗਏ ਉਸ ਸਮੇਂ ਭਾਈ ਸਾਹਿਬ ਦੇ ਮੰਜੇ ਕੋਲ ਤਾਨਪੁਰਾ ਪਿਆ ਸੀ। ਰਾਗੀ ਸਿੰਘ ਨੇ ਪੁੱਛਿਆ ਕੀ ਤੁਸੀਂ ਏਨੀ ਬੀਮਾਰੀ ਵਿੱਚ ਵੀ ਤਾਨਪੁਰਾ ਛੇੜਦੇ ਹੋ? ਤਾਂ ਉਹ ਕਹਿਣ ਲੱਗੇ, **"ਮੈਂ ਆਪਣੀ ਕਲਾ ਨੂੰ ਜਦ ਤੱਕ ਸੁਆਸ ਹਨ, ਬੁੱਢਿਆਂ ਨਹੀਂ ਹੋਣ ਦੇਣਾ।** ਸਵੇਰ ਤੋਂ ਹੁਣ ਤੱਕ ਦੋ ਤਿੰਨ ਵਾਰ ਤਾਨਪੁਰੇ ਨਾਲ ਕੀਰਤਨ ਅਭਿਆਸ ਕਰ ਚੁੱਕਾ ਹਾਂ। **ਕੀਰਤਨ ਮੇਰੀ ਖ਼ੁਰਾਕ ਹੈ, ਮੇਰਾ ਜੀਵਨ ਹੈ।"**

ਭਾਈ ਸਾਹਿਬ ਨੇ ਸਾਰੀ ਉਮਰ ਸੰਗਤਾਂ ਤੋਂ ਅਥਾਹ ਪਿਆਰ ਲਿਆ ਤੇ ਰਾਗੀਆਂ ਨਾਲ ਆਪਣੇ ਅਨੁਭਵ ਸਾਂਝੇ ਕੀਤੇ। ਪਰ ਆਪਣੀ ਉਮਰ ਦੇ ਆਖ਼ਰੀ ਸਮੇਂ ਉਦਾਸ ਹੋ ਗਏ। ਉਨ੍ਹਾਂ ਨੂੰ ਕੌਮ ਅੰਦਰ ਸਰੋਤ ਦੀ ਘਾਟ ਆਉਂਦੀ ਪ੍ਰਤੀਤ ਹੋਈ। ਇਹ ਉਨ੍ਹਾਂ ਲਈ ਚਿੰਤਾ ਦਾ ਵਿਸ਼ਾ ਬਣ ਗਈ। ਉਨ੍ਹਾਂ ਆਖ਼ਰੀ ਸਮੇਂ ਅਜਿਹੇ ਕੀਰਤਨੀਆਂ ਨੂੰ ਬੁਲੰਦੀਆਂ ਛੂੰਹਦੇ ਦੇਖਿਆ, ਜਿੰਨ੍ਹਾਂ ਪੱਲੇ ਰਾਗਾਂ ਦੀ ਦਾਤ ਨਹੀਂ ਸੀ। ਪਰ ਉਹ ਵਪਾਰਕ ਪ੍ਰਚਾਰ ਦੇ ਢੰਗ ਤਰੀਕਿਆਂ ਦੇ ਮਾਹਿਰ ਸਨ।

ਅੱਜ ਵੀ ਜੋ ਕੀਰਤਨ ਦਾ ਵਪਾਰੀਕਰਨ ਹੋ ਰਿਹਾ ਹੈ, ਉਸ ਨੇ ਵੀ ਤਾਂ ਰਾਗੀਆਂ ਦੇ ਵਕਾਰ ਨੂੰ ਬੜੀ ਠੇਸ ਪਹੁੰਚਾਈ ਹੈ ਤੇ ਸੰਗਤਾਂ ਦਾ ਪਿਆਰ ਤੇ ਸਤਿਕਾਰ ਗਵਾਇਆ ਹੈ। ਇਸ ਲਈ ਹਰ ਸੰਜੀਦਾ ਸੋਚ ਰੱਖਣ ਵਾਲੇ ਨੂੰ ਸੁਚੇਤ ਹੋਣ ਦੀ ਲੋੜ ਹੈ ਰਾਗੀਆਂ ਨੂੰ ਵੀ ਮਾਇਆ ਤੋਂ ਉਪਰ ਉੱਠ ਕੇ ਪਰੰਪਰਾਵਾਦੀ ਕੀਰਤਨ ਸ਼ੈਲੀ ਨੂੰ ਅਪਣਾਉਣ ਦੀ ਲੋੜ ਹੈ ਭਾਵੇਂ ਇਸ ਲਈ ਉਨ੍ਹਾਂ ਨੂੰ ਕਿੰਨੀ ਵੀ ਮਿਹਨਤ, ਲਗਨ ਤੇ ਸਮਰਪਿਤ ਭਾਵਨਾ ਨਾਲ ਕਿਸੇ ਟਕਸਾਲ ਤੋਂ ਸਿੱਖਣ ਸਿਖਾਉਣ ਲਈ ਯਤਨਸ਼ੀਲ ਕਿਉਂ ਨਾ ਹੋਣਾ ਪਵੇ।

## ਅਨੋਖੀਆਂ ਯਾਦਾਂ ਦੇ ਮੁਜੱਸਮੇਂ

ਭਾਈ ਸਮੁੰਦ ਜੀ ਦੇ ਨਾਲ ਸੰਬੰਧਿਤ ਅਜਿਹੀਆਂ ਅਨੇਕਾਂ ਯਾਦਾਂ ਹਨ ਜੋ ਆਪਣੇ ਆਪ ਵਿੱਚ ਇੱਕ ਇਤਿਹਾਸਿਕ ਸੱਚ ਲਕੋਈ ਬੈਠੀਆਂ ਹਨ। ਇਹ ਅਮਿੱਟ ਯਾਦਾਂ ਅਨੇਕਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ ਤੇ ਰਾਜ ਕਰ ਰਹੀਆਂ ਹਨ ਜਿਹੜੀਆਂ ਸਮੇਂ ਸਮੇਂ ਤੇ ਰਾਗੀਆਂ, ਕੀਰਤਨੀਆਂ ਤੇ ਲੇਖਕਾਂ ਨੂੰ ਬਾਕੀਆਂ ਨਾਲ ਸਾਂਝਿਆਂ ਕਰਨ ਲਈ ਪ੍ਰੇਰਦੀਆਂ ਹਨ। **ਸਿੱਖ ਜਗਤ ਵਿੱਚ ਕੋਈ ਵਿਰਲੇ ਹੀ ਅਜਿਹੇ ਕੀਰਤਨੀਏ ਹਨ ਜਿਨ੍ਹਾਂ ਨੇ ਆਪਣੇ ਅੰਤਲੇ ਸਵਾਸਾਂ ਤੱਕ ਕੀਰਤਨ ਅਤੇ ਕੀਰਤੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਹੋਵੇ।**

ਮਹਾਂਪੁਰਸ਼ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੇ ਵੀ ਕਾਕਾ ਸਮੁੰਦ ਸਿੰਘ ਨੂੰ ਆਪਣੀ ਰਸਨਾ ਤੋਂ ਸਲਾਹਿਆ। ਉਨ੍ਹਾਂ ਦੀ ਜੀਵਨ ਕਥਾ ਵਿੱਚ ਇਸ ਗੱਲ ਦਾ ਜ਼ਿਕਰ ਹੈ- ਬਾਬਾ ਨੰਦ ਸਿੰਘ ਜੀ ਹੜੱਪੇ ਦੇ ਜੰਗਲ ਵਿੱਚ ਲੱਗਭੱਗ ਡੇਢ ਵਰ੍ਹੇ ਤੋਂ ਵੱਧ ਸਮਾਂ ਠਹਿਰੇ ਸਨ। ਭਾਈ ਪਿਆਰ ਸਿੰਘ ਨੇ ਦੱਸਿਆ ਅਸੀਂ ਉਨ੍ਹਾਂ ਦੇ ਦਰਸ਼ਨਾਂ ਨੂੰ ਚਲੇ। ਉਹ ਬੜੇ ਪ੍ਰਸੰਨਚਿਤ ਸਨ। ਆਉਂਦਿਆਂ ਸਾਰ ਪੁੱਛਿਆ ਅੱਛਾ, ਇਹ ਕਾਕਾ ਕੌਣ ਹੈ? ਭਾਈ ਪਿਆਰ ਸਿੰਘ ਨੇ ਦੱਸਿਆ "ਇਸ ਦਾ ਨਾਉਂ ਸਮੁੰਦ ਸਿੰਘ ਹੈ" **ਓਹੋ! ਉਹ ਕਾਕਾ ਸਮੁੰਦ ਸਿੰਘ (ਜ਼ਰਾ ਹੋਰ ਅਗਾਂਹ ਹੋ ਕੇ) ਕਾਕਾ ਸਮੁੰਦ ਸਿੰਘ! ਜਿਸ ਨੇ ਕਾਨਫਰੰਸ ਤੇ ਸ਼ਬਦ ਪੜ੍ਹੇ ਦਸੇ ਜਾਂਦੇ ਸਨ।** ਭਾਈ! ਇਹ ਬੜਾ ਮਸ਼ਹੂਰ ਹੈ। ਕੀਰਤਨ ਸਵੇਰੇ ਇਸ ਨੇ ਕੀਤਾ ਸੀ? ਬੜਾ ਆਨੰਦ ਆਇਆ ਸੀ।

ਗੁਰੂ ਘਰ ਦੇ ਰਬਾਬੀ ਕੀਰਤਨੀਆਂ ਨੇ ਲੰਮਾ ਸਮਾਂ ਗੁਰੂ ਘਰ ਦੀ ਸੇਵਾ



ਨਿਭਾਈ। ਉਨ੍ਹਾਂ ਨੇ ਸੰਗੀਤ ਦੀ ਸਿੱਖਿਆ ਹੰਢੇ ਹੋਏ ਮੁਸਲਮਾਨ ਗਵੱਈਆਂ ਤੋਂ ਲਈ ਸੀ। ਉਹ ਉਸਤਾਦ ਲੋਕਾਂ ਤੋਂ ਕਰੜੀ ਮਿਹਨਤ ਕਰਕੇ ਸਿਖਦੇ ਸਨ। ਇਸ ਲਈ ਉਹ ਲੱਗਦੀ ਵਾਹ ਸਿੱਖ ਰਾਗੀਆਂ ਤੋਂ ਬਹੁਤ ਮੁਤਾਸਰ ਨਹੀਂ ਸੀ ਹੁੰਦੇ। ਪਰ ਭਾਈ ਸਮੁੰਦ ਸਿੰਘ ਜੀ ਤੇ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਅਜਿਹੀ ਰਹਿਮਤ ਸੀ ਕਿ ਉਨ੍ਹਾਂ ਦੇ ਕੰਠ ਤੋਂ ਨਿਕਲਿਆ ਹਰ ਸ਼ਬਦ ਹੀ ਸਭ ਨੂੰ ਪ੍ਰਭਾਵਿਤ ਕਰ ਜਾਂਦਾ।

ਕਾਕਾ ਸਮੁੰਦ ਸਿੰਘ ਨੇ ਸੱਤ ਸਾਲ ਦੀ ਬਾਲ ਉਮਰ ਵਿੱਚ ਪਹਿਲੀ ਵਾਰ ਮੰਚ ਰਾਹੀਂ ਇਹ ਸ਼ਬਦ ਗਾਇਆ, **'ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ' ॥** ਸ਼ਬਦ ਸੁਣ ਕੇ ਸੰਗਤਾਂ ਹੈਰਾਨ ਰਹਿ ਗਈਆਂ।

1937 ਵਿੱਚ ਲਾਹੌਰ ਰੇਡਿਓ ਸਟੇਸ਼ਨ ਤੋਂ ਭਾਈ ਸਾਹਿਬ ਦਾ ਸ਼ਬਦ ਬ੍ਰਾਡਕਾਸਟ ਹੋਇਆ। ਉਸ ਦੀ ਗਾਇਕੀ ਨੂੰ ਸੁਣ ਕੇ ਬੜੇ ਗੁਲਾਮ ਅਲੀ ਖਾਂ ਦੰਗ ਰਹਿ ਗਏ ਤੇ ਸਹਿਜ ਸੁਭਾ ਹੀ ਕਹਿ ਉੱਠੇ, **ਭਾਈ ਸਮੁੰਦ ਸਿੰਘ ਸਿਖੋਂ ਮੇਂ ਨਿਹਾਇਤ ਹੀ ਸ਼ੁੱਧ ਸੁਰ ਔਰ ਫਨ ਕਾ ਏਕ ਹੀ ਫਨਕਾਰ ਹੈ।** " ਖੁਸ਼ ਹੋ ਕੇ ਖਾਂ ਸਾਹਿਬ ਨੇ ਭਾਈ ਸਾਹਿਬ ਨੂੰ ਆਪਣੇ ਘਰ ਦੀਦਾਰ ਦੇਣ ਲਈ ਸੱਦਾ ਭੇਜਿਆ। ਭਾਈ ਸਾਹਿਬ ਦੀ ਗਾਇਕੀ ਵਿੱਚ ਖਾਨ ਸਾਹਿਬ ਦੀ ਗਾਇਕੀ ਦੀ ਝਲਕ ਪ੍ਰਤੱਖ ਨਜ਼ਰ ਆਉਂਦੀ ਸੀ। ਉਹ ਫਿਰਾਖ ਦਿਲ ਸਨ ਅਤੇ ਸੰਗੀਤ ਦੀਆਂ ਬਰੀਕੀਆਂ ਨੂੰ ਸਮਝਣ ਦੇ ਸਮਰੱਥ ਸਨ।

1950 ਦੀ ਘਟਨਾ ਹੈ ਕਿ ਜਲੰਧਰ ਹਰੀਬਲਭ ਸੰਗੀਤ ਸੰਮੇਲਨ ਹੋ ਰਿਹਾ ਸੀ। ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਜੀ ਗਾਇਨ ਪ੍ਰਸਤੁਤ ਕਰਨ ਲਈ ਸਟੇਜ ਤੇ ਸਾਜ਼ ਸੁਰ ਕਰ ਰਹੇ ਸਨ ਗਾਇਨ ਸ਼ੁਰੂ ਕਰਨ ਤੋਂ ਪਹਿਲੇ ਖਾਨ ਸਾਹਿਬ ਕੀ ਦੇਖਦੇ ਹਨ ਕਿ ਭਾਈ ਸਾਹਿਬ ਜੀ ਗਾਇਨ ਸੁਣਨ ਲਈ ਸਰੋਤਿਆਂ ਵਿੱਚ ਬੈਠੇ ਸਨ, ਖਾਂ ਸਾਹਿਬ ਦੀ ਨਜ਼ਰ ਜਦ ਭਾਈ ਸਾਹਿਬ ਤੇ ਪਈ ਤਾਂ ਉਨ੍ਹਾਂ ਬੜੇ ਅਦਬ ਸਹਿਤ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਮੈਂ ਤਾਂ ਹੀ ਗਾਇਨ ਸ਼ੁਰੂ ਕਰਾਂਗਾ ਜਦ ਆਪ ਜੀ ਸਟੇਜ ਤੇ ਬੈਠੋਗੇ, ਭਾਈ ਸਾਹਿਬ ਜੀ

ਦੇ ਨਾਹ-ਨੁਕਰ ਕਰਨ ਤੇ ਵੀ ਉਨ੍ਹਾਂ ਨੂੰ ਸਟੇਜ ਤੇ ਬੈਠਣਾ ਪਿਆ, ਫਿਰ ਗਾਇਨ ਸ਼ੁਰੂ ਹੋਇਆ, ਇਹ ਅਦਬ ਸੀ ਗੈਰ ਸਿੱਖ ਗਾਇਕਾਂ ਦਾ ਭਾਈ ਸਮੁੰਦ ਸਿੰਘ ਜੀ ਪ੍ਰਤੀ।

ਲ਼ਾਹੌਰ ਦੇ ਵਸਨੀਕ ਮੁਹੰਮਦ ਜ਼ਹੀਰ ਖਾਂ ਸੀ। ਉਨ੍ਹਾਂ ਦੀ ਪਤਨੀ ਜਦੋਂ ਵੀ ਭਾਈ ਸਾਹਿਬ ਦਾ ਕੋਈ ਸ਼ਬਦ ਰੇਡਿਓ ਤੋਂ ਸੁਣਦੀ ਤਾਂ ਭਾਈ ਸਾਹਿਬ ਦੀ ਕਲਾ ਤੋਂ ਬੇਹੱਦ ਪ੍ਰਭਾਵਿਤ ਹੁੰਦੀ। ਉਹ ਆਖਦੀ **ਜਦੋਂ ਵੀ ਮੈਂ ਭਾਈ ਸਮੁੰਦ ਸਿੰਘ ਜੀ ਦਾ ਸ਼ਬਦ ਸੁਣਦੀ ਤਾਂ ਆਪਣਾ ਆਪਾ ਹੀ ਭੁੱਲ ਜਾਂਦੀ ਹਾਂ, ਮੈਨੂੰ ਅੱਲਾ ਤਾਲਾ ਦਾ ਨੂਰ ਹਰ ਪਾਸੇ ਵੱਸਦਾ ਪ੍ਰਤੀਤ ਹੁੰਦਾ ਹੈ।**

ਭਾਈ ਹਰਨਾਮ ਸਿੰਘ ਜੋ ਭਾਈ ਸਾਹਿਬ ਨਾਲ ਤਬਲੇ ਤੇ ਸੰਗਤ ਕਰਦੇ ਸਨ। ਉਨ੍ਹਾਂ ਇੱਕ ਘਟਨਾ ਦਾ ਬਿਆਨ ਕੀਤਾ ਉਨ੍ਹਾਂ ਦੱਸਿਆ ਕਿ ਇੱਕ ਵਾਰ ਅਸੀਂ ਨਨਕਾਣਾ ਸਾਹਿਬ ਤੋਂ ਕਰਾਚੀ ਗਏ। ਸਾਨੂੰ ਸਿੰਧੀ ਸੰਗਤਾਂ ਨੇ ਬੁਲਾਇਆ ਸੀ, ਜਦੋਂ ਅਸੀਂ ਕਰਾਚੀ ਸਟੇਸ਼ਨ ਤੇ ਪਹੁੰਚੇ ਤਾਂ ਕੀ ਦੇਖਿਆ ਕਿ ਸੰਗਤਾਂ ਦਾ ਅਥਾਹ ਸਮੁੰਦਰ ਜਲੂਸ ਦੀ ਸ਼ਕਲ ਵਿੱਚ ਭਾਈ ਸਾਹਿਬ ਦੇ ਸਤਿਕਾਰ ਵਜੋਂ ਸਟੇਸ਼ਨ ਤੇ ਆਇਆ ਹੋਇਆ ਸੀ। ਸੰਗਤਾਂ ਨੇ ਹਾਰ ਪਾ ਕੇ ਭਾਈ ਸਾਹਿਬ ਦਾ ਸੁਆਗਤ ਤੇ ਫਿਰ ਢੋਲਕੀਆਂ ਤੇ ਛੈਣਿਆਂ ਰਾਹੀਂ ਨਗਰ ਕੀਰਤਨ ਦੇ ਰੂਪ ਵਿੱਚ- 'ਨਨਕਾਣੇ ਦੇ ਰਾਗੀ ਆਏ ਜੀ ਭਾਈ ਸਮੁੰਦ ਸਿੰਘ ਜੀ ਆਏ ਜੀ', ਦੀ ਧੁਨੀ ਨਾਲ ਆਲਾਪਦੇ ਹੋਏ ਸਾਨੂੰ ਟਾਂਗੇ ਤੇ ਬਿਠਾ ਕੇ ਗੁਰਦੁਆਰਾ ਸਾਹਿਬ ਤੱਕ ਲੈ ਕੇ ਗਏ। ਸਾਰਾ ਸ਼ਹਿਰ ਇਸ ਧੁਨੀ ਨਾਲ ਗੂੰਜ ਉੱਠਿਆ।

ਅਸੀਂ ਕਰਾਚੀ ਵਿੱਚ ਇੱਕ ਹਫ਼ਤਾ ਰਹੇ। ਭਾਈ ਸਾਹਿਬ ਨੇਮ ਨਾਲ ਸਵੇਰੇ ਸ਼ਾਮ ਕੀਰਤਨ ਦੀ ਚੌਕੀ ਭਰਦੇ। **ਉਹ ਕੀਰਤਨ ਸਮੇਂ ਵੈਰਾਗ ਤੇ ਵਜਦ ਵਿੱਚ ਆ ਜਾਂਦੇ ਤੇ ਉਨ੍ਹਾਂ ਦੇ ਨੇਤਰਾਂ ਵਿੱਚੋਂ ਜਲਧਾਰਾ ਵਹਿ ਤੁਰਦੀ। ਸੰਗਤਾਂ ਵੀ ਅਭਿੱਜ ਨਾ ਰਹਿ ਸਕਦੀਆਂ। ਉਨ੍ਹਾਂ ਦੇ ਨੇਤਰ ਵੀ ਸੇਜਲ ਹੋ ਜਾਂਦੇ।** ਮੈਂ ਇਸ ਨੂੰ ਦੇਖਦਾ ਤਾਂ ਗੁਰੂ ਦੇ ਸ਼ੁਕਰਾਨੇ ਵਿੱਚ ਜੁੜ ਜਾਂਦਾ, ਜਿਹੜਾ



ਇੰਨੀ ਵਡਿਆਈ ਬਖਸ਼ਦਾ ਸੀ।

ਇਹ ਸੋਚਣ ਵਾਲੀ ਗੱਲ ਹੈ ਕਿ ਭਾਈ ਸਾਹਿਬ ਦੇ ਕੀਰਤਨ ਵਿੱਚ ਕਿਹੜੀ ਅਜਿਹੀ ਪਾਰਸ ਕਲਾ ਸੀ, ਜਿਹੜੀ ਹਰ ਸਰੋਤੇ ਨੂੰ ਖਿੱਚ ਪਾਉਂਦੀ। ਉਨ੍ਹਾਂ ਪ੍ਰਤੀ ਇੰਨਾ ਉਤਸ਼ਾਹ ਤੇ ਚਾਅ ਸੀ ਕਿ ਸੰਗਤਾਂ ਨਗਰ ਕੀਰਤਨ ਦੇ ਰੂਪ ਵਿੱਚ ਲੈਣ ਲਈ ਸਟੇਸ਼ਨ ਤੇ ਪਹੁੰਚਣ। ਇਹ ਘਟਨਾ ਜੋ ਕਿ ਰਾਗੀਆਂ ਲਈ ਇੱਕ ਪ੍ਰੇਰਨਾ ਦਾ ਸਬੱਬ ਹੋ ਸਕਦੀ ਹੈ।

ਪ੍ਰੋ: ਨਾਰਾਇਣ ਸਿੰਘ (ਟੀਕਾਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਭਾਈ ਸਾਹਿਬ ਦੇ ਪ੍ਰਮੁੱਖ ਸਰੋਤਾ ਸਨ। ਉਹ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਨੇਮ ਨਾਲ ਕੀਰਤਨ ਸੁਣਨ ਜਾਇਆ ਕਰਦੇ ਸਨ। ਭਾਈ ਸਾਹਿਬ ਅੱਖਾਂ ਮੂੰਦ ਕੇ ਪੂਰੇ ਆਨੰਦ ਨਾਲ ਕੀਰਤਨ ਕਰਦੇ ਸਨ। ਇੱਕ ਦਿਨ ਭਾਈ ਸਾਹਿਬ ਨੂੰ ਬਾਵਾ ਨਾਰਾਇਣ ਸਿੰਘ ਨੇ ਸੁਆਲ ਕੀਤਾ " ਸਰੋਤਾ ਇੱਕ ਹੋਵੇ ਜਾਂ ਦੋ ਹੋਣ ਜਾਂ ਸੈਂਕੜੇ, ਮੈਂ ਤੁਹਾਡੇ ਆਲਾਪ, ਤਾਨ ਅਤੇ ਗਾਇਨ ਵਿੱਚ ਕਦੇ ਅੰਤਰ ਨਹੀਂ ਦੇਖਿਆ। ਇਸ ਦਾ ਕੀ ਕਾਰਨ ਹੈ? ਭਾਈ ਸਾਹਿਬ ਦੇ ਨੈਣਾਂ ਵਿੱਚ ਚਮਕ ਆ ਗਈ ਤੇ ਉਨ੍ਹਾਂ ਕਿਹਾ, "ਬਾਵਾ ਜੀ! ਮੈਂ ਕੀਰਤਨ ਆਪਣੇ ਗੁਰੂ ਨਾਨਕ ਪਾਤਸ਼ਾਹ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਰਦਾ ਹਾਂ, ਉਨ੍ਹਾਂ ਨੂੰ ਸੁਣਾਉਂਦਾ ਹਾਂ। ਇਸ ਲਈ ਮੈਨੂੰ ਸੰਗਤ ਦੇ ਥੋੜ੍ਹੀ ਜਾਂ ਬਹੁਤੀ ਹੋਣ ਦਾ ਕੋਈ ਫ਼ਰਕ ਨਹੀਂ ਪੈਂਦਾ।"

ਭਾਈ ਹਰਨਾਮ ਸਿੰਘ ਤਬਲਾਵਾਦਕ ਨੇ ਦੱਸਿਆ ਕਿ ਇੱਕ ਵਾਰ **ਭਾਈ ਸਾਹਿਬ ਆਲ ਇੰਡੀਆ ਰੇਡਿਓ ਸਟੇਸ਼ਨ ਸ੍ਰੀ ਨਗਰ ਵਿਖੇ ਇੱਕ ਪ੍ਰੋਗਰਾਮ ਦੇਣ ਲਈ ਗਏ ਤਾਂ ਉਥੇ ਵੀ ਇੱਕ ਅਜੀਬ ਕ੍ਰਿਸ਼ਮਾਂ ਵਾਪਰਿਆ।** ਪ੍ਰੋਗਰਾਮ ਆਰੰਭ ਕਰਨ ਤੋਂ ਪਹਿਲੇ ਸਾਰੇ ਸਾਜਿੰਦੇ ਆਪੋ ਆਪਣੇ ਸਾਜਾਂ ਨੂੰ ਸੁਰ ਕਰਕੇ ਤਿਆਰੀ ਵਿੱਚ ਸਨ। ਇੱਕ ਮੁਸਲਮਾਨ ਸਾਜਿੰਦਾ ਜੋ ਸਾਰੰਗੀ ਵਾਦਕ ਸੀ ਨੇ ਵੀ ਆਪਣੀ ਸਾਰੰਗੀ ਦੀਆਂ ਤਰਬਾਂ ਨੂੰ ਲਰਜਿਤ ਕਰ ਲਿਆ। ਜਦੋਂ ਭਾਈ ਸਾਹਿਬ ਨੇ ਸ਼ਬਦ ਗਾਇਨ ਸ਼ੁਰੂ ਕੀਤਾ ਤਾਂ ਐਸਾ ਬਿਖੜਾ ਮੁੱਖੜਾ

ਫੜਿਆ ਕਿ ਸਾਰੰਗੀ ਵਾਦਕ ਦੇ ਹੱਥ ਉਥੇ ਹੀ ਰੁੱਕ ਗਏ ਤੇ ਉਹ ਸਾਰੰਗੀ ਛੱਡ ਕੇ ਭਾਈ ਸਾਹਿਬ ਦੇ ਚਿਹਰੇ ਵੱਲ ਟਿੱਕ ਟਿਕੀ ਲਗਾ ਕੇ ਵੇਖੀ ਗਿਆ ਤੇ ਸਾਰੰਗੀ ਵਜਾਉਣਾ ਹੀ ਭੁੱਲ ਗਿਆ। ਉਹ ਸਾਰੰਗੀ ਵਾਦਕ ਭਾਈ ਸਾਹਿਬ ਦਾ ਨਾਲੇ ਚਿਹਰਾ ਵੇਖੀ ਜਾਵੇ ਤੇ ਨਾਲੇ ਤ੍ਰਿਪ ਤ੍ਰਿਪ ਹੰਝੂ ਕੇਰੀ ਜਾਵੇ। ਜਦੋਂ ਸ਼ਬਦ ਸਮਾਪਤ ਹੋਇਆ ਤਾਂ ਸਟੇਸ਼ਨ ਮਾਸਟਰ ਨੇ ਸਾਰੰਗੀ ਦਾ ਸਾਥ ਨਾ ਨਿਭਾਉਣ ਕਰਕੇ ਉਸ ਨੂੰ ਪੁੱਛ ਗਿੱਛ ਲਈ ਬੁਲਾਇਆ। ਭਾਈ ਸਾਹਿਬ ਨੇ ਡਾਇਰੈਕਟਰ ਨੂੰ ਕਿਹਾ, "ਇਸਨੂੰ ਕੁਝ ਨਾ ਆਖੋ।" ਪਰ ਸਾਰੇ ਇੱਕਠੇ ਹੋਏ ਕਲਾਕਾਰਾਂ ਨੇ ਉਸਨੂੰ ਇਸਦਾ ਕਾਰਨ ਪੁੱਛਿਆ ਤਾਂ ਉਸਨੇ ਕਿਹਾ, **"ਮੈਂ ਤਾਂ ਅੱਜ ਅੱਲਾ ਤਾਅਲਾ ਦਾ ਨੂਰ ਹੀ ਤੱਕਦਾ ਰਿਹਾ ਹਾਂ, ਮੈਨੂੰ ਤਾਂ ਸਾਰੰਗੀ ਵਜਾਉਣੀ ਹੀ ਭੁੱਲ ਗਈ; ਇਸ ਵਿੱਚ ਮੇਰਾ ਕੋਈ ਕਸੂਰ ਨਹੀਂ।"**

ਬਲਵੰਤ ਗਾਰਗੀ ਆਪਣੇ ਲੇਖ ਵਿੱਚ ਲਿਖਦੇ ਹਨ - 1945 ਦੀ ਗੱਲ ਹੈ ਮੈਂ ਲਾਹੌਰ ਵਿੱਚ ਆਲ ਇੰਡੀਆ ਰੇਡਿਓ ਉੱਤੇ ਬਤੌਰ ਆਰਟਿਸਟ ਕੰਮ ਕਰ ਰਿਹਾ ਸੀ। ਉਦੋਂ ਰੇਡਿਓ ਹੀ ਜਨ ਸੰਚਾਰ ਦਾ ਇੱਕੋ ਇੱਕ ਮਾਧਿਅਮ ਸੀ। ਇੱਕ ਦਿਨ ਮੈਂ ਸਟੂਡੀਉ ਕੋਲੋਂ ਦੀ ਲੰਘ ਰਿਹਾ ਸੀ, ਇੱਕ ਬੇਹੱਦ ਮੰਝੀ ਹੋਈ ਸੁਰੀਲੀ ਆਵਾਜ਼ ਸੁਣਾਈ ਦਿੱਤੀ। ਇਸ ਵਿੱਚ ਮਿੱਠੇ ਖਰਜ ਦੇ ਸੁਰ ਗੂੰਜਦੇ ਸਨ। ਮੈਂ ਪੁੱਛਿਆ, "ਸਹਿਗਲ ਦਾ ਇਹ ਕਿਹੜਾ ਨਵਾਂ ਗੀਤ ਹੈ? ਕਿਸੇ ਨੇ ਮੈਨੂੰ ਦੱਸਿਆ ਕਿ ਭਾਈ ਸਮੁੰਦ ਸਿੰਘ ਰਾਗੀ ਗਾ ਰਿਹਾ ਹੈ? ਮੈਂ ਹੈਰਾਨ ਰਹਿ ਗਿਆ, ਇਹੋ ਜਿਹੀ ਆਵਾਜ਼ ਸਹਿਗਲ ਦੇ ਸਿਵਾਏ ਕਿਸੇ ਹੋਰ ਦੀ ਨਹੀਂ ਹੋ ਸਕਦੀ। ਮੈਂ ਕਮਰੇ ਅੰਦਰ ਦਾਖ਼ਲ ਹੋਇਆ ਤਾਂ ਕੀ ਦੇਖਿਆ ਕਿ ਸੱਚਮੁੱਚ ਹੀ ਚਿੱਟੀ ਦਸਤਾਰ ਬੰਨ੍ਹੀ ਤੇ ਬਦਾਮੀ ਵਾਸਕਟ ਪਾਈ, ਚੌਂਕੜੀ ਮਾਰੀ, ਬੈਠਾ ਕੋਈ ਗੁਰੂ ਦਾ ਸਿਖ ਗਾ ਰਿਹਾ ਸੀ। ਖੁੱਲੀ ਕਾਲੀ ਸਿਆਹ ਦਾੜ੍ਹੀ ਤੇ ਚਮਕੀਲੀਆਂ ਜਿਸਤ ਅੱਖਾਂ ਇਹ ਭਾਈ ਸਮੁੰਦ ਸਿੰਘ ਰਾਗੀ ਸਨ।

ਇੱਕ ਵਾਰ ਭਾਈ ਸਮੁੰਦ ਸਿੰਘ ਰਾਗੀ ਨੂੰ ਰੇਡੀਓ ਸਟੇਸ਼ਨ ਦਿੱਲੀ ਵਲੋਂ ਆਯੋਜਿਤ ਨੈਸ਼ਨਲ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਸੱਦਿਆ ਗਿਆ।



ਉਥੇ ਬਹੁਤ ਸਾਰੇ ਗਵੱਈਏ ਆਪਣੀ ਗਾਇਕੀ ਦਾ ਰੰਗ ਦਿਖਾਉਣ ਲਈ ਪਹੁੰਚੇ ਹੋਏ ਸਨ। ਭਾਈ ਸਾਹਿਬ ਨੇ ਇੱਕ ਸ਼ਬਦ ਦਾ ਗਾਇਨ ਕੀਤਾ। ਸ਼ਬਦ ਇਤਨਾ ਪ੍ਰਭਾਵਸ਼ਾਲੀ ਰਿਹਾ ਕਿ ਅਗਲੇ ਦਿਨ ਵੱਡੇ ਵੱਡੇ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਭਾਈ ਸਾਹਿਬ ਦਾ ਸ਼ਬਦ ਪ੍ਰਮੁੱਖ ਰੂਪ ਵਿੱਚ ਸਲਾਹਿਆ ਗਿਆ। ਆਪ ਦੀ ਗਾਇਕੀ ਤੋਂ ਪ੍ਰਸੰਨਚਿਤ ਹੋ ਕੇ ਮਹਾਰਾਜਾ ਪਟਿਆਲਾ ਨੇ ਆਪ ਦੇ ਪਿਤਾ ਭਾਈ ਹਜ਼ੂਰਾ ਸਿੰਘ ਕੋਲ ਆਪਣੇ ਪਾਸ ਰੱਖਣ ਦੀ ਪੇਸ਼ਕਸ ਕੀਤੀ ਤੇ ਕਾਫ਼ੀ ਰਕਮ ਦੇਣ ਦਾ ਇਰਾਦਾ ਵੀ ਪ੍ਰਗਟਾਇਆ। ਪਰ ਭਾਈ ਸਾਹਿਬ ਕਿਸੇ ਲੋਭ ਵੱਸ ਹੋ ਕੇ ਇਸ ਗੱਲ ਲਈ ਸਹਿਮਤ ਨਾ ਹੋਏ।

ਪ੍ਰਸਿੱਧ ਸ਼ਾਸਤ੍ਰੀ ਗਾਇਕ ਸ੍ਰ: ਤੇਜਪਾਲ ਸਿੰਘ ਤੇ ਸੁਰਿੰਦਰ ਸਿੰਘ (ਸਿੰਘ ਬੰਧੂ) ਲਿਖਦੇ ਹਨ ਕੁਝ ਸਮਾਂ ਪਹਿਲਾਂ ਦਿੱਲੀ ਦੇ ਆਡੀਟੋਰੀਅਮ ਵਿੱਚ ਇੱਕ ਕੀਰਤਨੀਆਂ ਬੜਾ ਸੁਰੀਲਾ ਕੀਰਤਨ ਕਰ ਰਿਹਾ ਸੀ ਤੇ ਜਿਸਦਾ ਰੇਡਿਓ ਤੋਂ ਸਿੱਧਾ ਪ੍ਰਸਾਰਨ ਹੋ ਰਿਹਾ ਸੀ। ਸਾਨੂੰ ਆਵਾਜ਼ ਤੋਂ ਪਛਾਣ ਨਾ ਹੋਈ। ਸ਼ਬਦ ਸਮਾਪਤ ਹੋਣ ਉਪਰੰਤ ਲਗਾਤਾਰ ਹਾਲ ਵਿੱਚ ਤਾਲੀਆਂ ਗੂੰਜਦੀਆਂ ਰਹੀਆਂ। ਅਸੀਂ ਉਸ ਸਮੇਂ ਪ੍ਰਭਾਵਿਤ ਹੋਏ ਜਦੋਂ ਅਨਾਊਂਸਰ ਨੇ ਦੱਸਿਆ ਇਹ ਸ਼ਬਦ ਭਾਈ ਸਮੁੰਦ ਸਿੰਘ ਜੀ ਗਾਇਨ ਕਰ ਰਹੇ ਸਨ।

ਪ੍ਰੋ: ਰਣਜੀਤ ਸਿੰਘ (ਪ੍ਰਸਿੱਧ ਤਬਲਾ ਵਾਦਕ) ਨੇ ਇਹ ਘਟਨਾ ਦਰਸਾਈ ਕੇ ਲਗਭਗ 1960 ਵਿੱਚ ਲੁਧਿਆਣੇ ਦੀ ਗੱਲ ਹੈ। ਸ੍ਰ: ਨਿਰਮਲ ਸਿੰਘ ਘੜੀਸਾਜ਼ ਦੇ ਘਰ ਕੀਰਤਨ ਸਮਾਗਮ ਸੀ। ਭਾਈ ਸਾਹਿਬ ਨੂੰ ਵੀ ਸੱਦਿਆ ਗਿਆ। ਇਸ ਸਮਾਗਮ ਵਿੱਚ ਪਦਮ ਸ੍ਰੀ ਸੋਹਣ ਸਿੰਘ ਜੀ, ਉਸਤਾਦ ਸਮਸ਼ੇਰ ਸਿੰਘ ਜੀ, ਉਸਤਾਦ ਬਹਾਦਰ ਸਿੰਘ ਤੇ ਸ੍ਰ: ਗੁਰਬਖਸ ਸਿੰਘ ਘੜੀਸਾਜ਼ ਵੀ ਸੰਗਤਾਂ ਵਿੱਚ ਸੁਭਾਇਮਾਨ ਸਨ। ਭਾਈ ਸਾਹਿਬ ਨੇ ਮੰਗਲਾਚਰਨ ਕਰਕੇ ਕੀਰਤਨ ਆਰੰਭ ਕੀਤਾ। ਸ਼ਬਦ ਬੰਦਿਸ਼ ਝੁਮਰਾ ਤਾਲ ਵਿੱਚ ਸੀ। ਤਬਲੇ ਤੇ ਸੰਗਤ ਭਾਈ ਹਰਨਾਮ ਸਿੰਘ ਕਰ ਰਹੇ ਸਨ। ਐਸਾ ਸੁਰੀਲਾ ਵਾਤਾਵਰਣ ਬੱਝਿਆ ਕਿ ਸਰੋਤੇ ਕੀਰਤਨ ਦੇ ਰਸ ਵਿੱਚ ਮਸਤ ਸਨ,

ਭਾਈ ਸਾਹਿਬ ਨੇ ਐਸਾ ਬਿਖੜਾ ਤਾਨ ਪਲਟਾ ਲਿਆ ਕਿ ਉਪਸਥਿਤ ਉਸਤਾਦ ਤੇ ਬਾਕੀ ਸਰੋਤੇ ਚੌਕੰਨੇ ਹੋ ਗਏ। ਲਗਦਾ ਸੀ ਭਾਈ ਸਾਹਿਬ ਬੇਤਾਲੇ ਹੋ ਜਾਣਗੇ ਤੇ ਸਮ ਨਹੀਂ ਪਕੜ ਸਕਣਗੇ। ਪਰ ਹੈਰਾਨੀ ਉਸ ਸਮੇਂ ਹੋਈ ਜਦੋਂ ਭਾਈ ਸਾਹਿਬ ਨੇ ਬੜੀ ਫੁਰਤੀ ਨਾਲ ਮੁਖੜਾ ਫੜ ਕੇ ਸਮ ਤੇ ਆਏ ਤੇ ਅਸਥਾਈ ਗਾਉਣੀ ਸ਼ੁਰੂ ਕਰ ਦਿੱਤੀ ਤਾਂ ਭਾਈ ਸਾਹਿਬ ਦੇ ਅਜਿਹੇ ਹੁਨਰ ਨੂੰ ਦੇਖ ਕੇ ਸਭ ਦੰਗ ਰਹਿ ਗਏ।

ਪ੍ਰਿੰਸੀਪਲ ਦਿਆਲ ਸਿੰਘ **'ਅਦੁੱਤੀ ਸ਼ਖ਼ਸ਼ੀਅਤ ਭਾਈ ਸਮੁੰਦ ਸਿੰਘ'** ਲੇਖ ਵਿੱਚ ਲਿਖਦੇ ਹਨ– ਸੰਨ 1961 ਵਿੱਚ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਜਦੋਂ ਬਾਬਾ ਫਤਹਿ ਸਿੰਘ ਨੇ ਆਪਣਾ ਮਰਨ ਵਰਤ ਛੱਡਿਆ ਸੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਵੱਡੀ ਪੱਧਰ ਤੇ ਕੀਰਤਨ ਦਰਬਾਰ ਕਰਵਾਇਆ। ਜਿਸ ਵਿੱਚ ਪੰਥ ਦੇ ਹੋਰ ਪ੍ਰਸਿੱਧ ਰਾਗੀਆਂ ਤੋਂ ਇਲਾਵਾ ਭਾਈ ਸਮੁੰਦ ਸਿੰਘ ਨੂੰ ਵੀ ਉਚੇਚੇ ਤੌਰ ਤੇ ਸੱਦਿਆ ਗਿਆ। ਭਾਈ ਸਾਹਿਬ ਨੇ **'ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ, ਕਰਿ ਡੰਡਉਤ ਪੁਨੁ ਵਡਾ ਹੇ॥'** ਗਉੜੀ ਪੂਰਬੀ ਵਿੱਚ ਇਹ ਸ਼ਬਦ ਗਾਇਆ। ਪ੍ਰਿੰਸੀਪਲ ਦਿਆਲ ਸਿੰਘ ਨੇ ਦਿਲਰੁਬਾ ਤੇ ਸੰਗਤ ਕੀਤੀ। ਉਨ੍ਹਾਂ ਪ੍ਰੋਗਰਾਮ ਸਮਾਪਤ ਹੋਣ ਤੋਂ ਬਾਅਦ ਨਿਝੱਕ ਹੋ ਕੇ ਭਾਈ ਸਾਹਿਬ ਨੂੰ ਆਖਿਆ ਅੱਜ ਆਪ ਜੀ ਦੇ ਕੀਰਤਨ ਵਿੱਚ ਆਨੰਦ ਨਹੀਂ ਆਇਆ। ਇਹ ਸੁਣ ਕੇ ਉਹ ਮੁਸਕਰਾਏ ਤੇ ਫਿਰ ਆਖਣ ਲੱਗੇ ਅਸਲ ਵਿੱਚ ਗਉੜੀ ਪੂਰਬੀ ਇੱਕ ਤਾਂ ਕਠਿਨ ਰਾਗ ਹੈ ਤੇ ਦੂਸਰਾ ਮੈਂ ਇਹ ਸ਼ਬਦ ਰੀਤ ਨਵੀਂ ਤਿਆਰ ਕੀਤੀ ਹੈ ਜਿਸ ਕਰਕੇ ਸਹੀ ਰੂਪ ਵਿੱਚ ਰਸ ਆਨੰਦ ਨਹੀਂ ਬੱਝਿਆ। ਇਹ ਤੇਰੀ ਗੱਲ ਠੀਕ ਹੈ। ਬਾਕੀ ਕਲ੍ਹ ਅਸੀਂ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਰਤਨ ਕਰਨਾ ਹੈ ਤੂੰ ਆਪਣਾ ਦਿਲਰੁਬਾ ਲੈ ਕੇ ਆਵੀਂ।

ਅਗਲੇ ਦਿਨ ਸੋਦਰ ਦੇ ਪਾਠ ਤੋਂ ਬਾਅਦ ਦੀਵਾਨ ਸੱਜਿਆ। ਭਾਈ ਸਾਹਿਬ ਨੇ ਛੋਟੀ ਤਿੰਨ ਤਾਲ ਵਿੱਚ ਕਲਿਆਨ ਰਾਗ ਦਾ **'ਮੇਰੇ ਲਾਲਨ ਕੀ**



**ਸੋਭਾ'** ਸ਼ਬਦ ਗਾਉਣਾ ਆਰੰਭ ਕੀਤਾ। ਸ਼ਬਦ ਦਾ ਸਥਾਈ ਅੰਤਰਾ ਗਾਉਣ ਤੋਂ ਬਾਅਦ ਪੂਰਵਾਂਗ ਦਾ ਆਲਾਪ ਕਰਦੇ ਹੋਏ ਫਿਰ ਅੰਤਰਾ ਚੁੱਕਿਆ। ਤੁੱਕ ਸੀ **'ਜੋਗ ਗਿਆਨ ਧਿਆਨ ਸੇਖਨਾਗੈ'** ਇੱਕ ਦੋ ਵਾਰ ਤਾਰ ਸਪਤਕ ਖੜਜ਼ ਤੇ ਰਿਖਭ ਲਾਉਣ ਤੋਂ ਬਾਅਦ ਜਦੋਂ ਆਪ ਜੀ ਨੇ ਪੂਰੀ ਇਕਾਗਰਤਾ ਨਾਲ ਗੰਧਾਰ ਦਾ ਸੁਰ ਲਾਇਆ ਤਾਂ ਮੇਰੇ ਸਰੀਰ ਵਿੱਚ ਝਰਨਾਹਟ ਛਿੜ ਪਈ ਪਰ ਮੈਂ ਕੁਝ ਸਮਝ ਨਹੀਂ ਸਕਿਆ। ਫਿਰ ਦੋ ਤਿੰਨ ਵਾਰ ਤੁੱਕ ਗਾਉਂਦੇ ਹੋਏ ਖੜਜ਼ ਤੇ ਥੋੜ੍ਹਾ ਠਹਿਰ ਕੇ ਮੁੜ ਗੰਧਾਰ ਲਾਇਆ ਤਾਂ ਸੱਚ ਜਾਣਿਓ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਮੈਂ ਬਿਜਲੀ ਨਾਲ ਛੂਹ ਗਿਆ ਹੋਵਾਂ। ਮੇਰੇ ਸਾਰੇ ਸਰੀਰ ਦੇ ਰੋਮ ਖੜੇ ਹੋ ਗਏ ਤੇ ਦਿਲਰੁਬਾ ਦਾ ਗਜ ਰੁਕ ਗਿਆ। ਮੇਰੇ ਮੂੰਹ ਤੋਂ ਸੁੱਤੇ ਸਿੱਧ ਹੀ ਨਿਕਲਿਆ ਵਾਹ! ਉਦੋਂ ਮੈਨੂੰ ਅਨੁਭਵ ਹੋਇਆ ਕਿ ਰਾਗ ਦੇ ਵਾਦੀ ਸੁਰ ਦੀ ਕੀ ਮਹਤੱਤਾ ਹੈ। ਸੋ **ਭਾਈ ਸਾਹਿਬ ਕਿਸੇ ਸਰੋਤੇ ਦੀ ਪ੍ਰਸ਼ੰਸਾ ਦੇ ਪਾਤਰ ਬਣਨ ਦੇ ਹੱਕਦਾਰ ਸਨ ਕਿਉਂਕਿ ਉਹ ਸੰਗੀਤ ਦੀ ਰਮਜ਼ ਨੂੰ ਬਖੂਬੀ ਪਛਾਣਦੇ ਸਨ।**

ਲੱਗਭੱਗ ਸੰਨ 1966 ਦੀ ਗੱਲ ਹੈ। ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਸ਼ਹੀਦੀ ਗੁਰਪੁਰਬ ਸੀ। ਉਸ ਸਮੇਂ ਗੁਰਦੁਆਰਾ ਸੀਸ ਗੰਜ ਦੇ ਨੇੜੇ ਗਾਂਧੀ ਗਰਾਊਂਡ ਵਿਖੇ ਖੁੱਲ੍ਹਾ ਪੰਡਾਲ ਸੱਜਿਆ। ਸੰਗਤਾਂ ਹੁੰਮ ਹੁੰਮਾਂ ਕੇ ਆਈਆਂ ਸਨ। ਭਾਈ ਸਾਹਿਬ ਨੇ ਕੁਝ ਰਾਗੀ ਜੱਥਿਆਂ ਤੋਂ ਪਿਛੋਂ ਕੀਰਤਨ ਆਰੰਭ ਕੀਤਾ। ਉਨ੍ਹਾਂ ਬੜੇ ਇਕਾਗਰਚਿਤ ਹੋ ਕੇ ਰਾਗ ਕਾਨੜਾ ਵਿੱਚ ਫਰੋਦਸਤ ਤਾਲ ਵਿੱਚ ਮੰਗਲਾਚਰਨ ਕਰਕੇ ਨੌਂਵੇਂ ਪਾਤਸ਼ਾਹ ਦਾ ਸ਼ਬਦ **'ਸਾਧੋ ਮਨ ਕਾ ਮਾਨੁ ਤਿਆਗਉ'** ਗਾਉਣਾ ਆਰੰਭ ਕੀਤਾ। ਅਸਥਾਈ ਅੰਤਰਾ ਗਾਉਂਦੇ ਹੋਏ ਵਿੱਚ ਵਿੱਚ ਆਲਾਪ ਵੀ ਕਰਦੇ ਰਹੇ ਪਰ ਜਦੋਂ ਸ਼ਬਦ ਦੀ ਅੰਤਲੀ ਤੁੱਕ **'ਜਨ ਨਾਨਕ ਇਹੁ ਖੇਲੁ ਕਠਨੁ ਹੈ'** ਆਈ ਤਾਂ ਇੰਨੇ ਮਗਨ ਹੋਏ ਤੇ ਸੰਗਤ ਤੇ ਜੋ ਪ੍ਰਭਾਵ ਪਿਆ ਉਹ ਦ੍ਰਿਸ਼ ਦੇਖਣ ਵਾਲਾ ਸੀ।

ਜਦੋਂ ਆਪ ਖੱਬੇ ਹੱਥ ਮੂੰਹ ਕਰਕੇ ਸੁਰ ਲਾਉਂਦੇ ਤਾਂ ਸੰਗਤ ਖੱਬੇ ਮੂੰਹ ਹੋ

ਜਾਂਦੀ। ਜਦੋਂ ਮੂੰਹ ਸੱਜੇ ਕਰਕੇ ਗਾਉਂਦੇ ਤਾਂ ਸਭ ਦਾ ਮੂੰਹ ਸੱਜੇ ਹੋ ਜਾਂਦੇ ਇੱਕ ਦੋ ਮਿੰਟ ਇਸ ਤਰ੍ਹਾਂ ਹੀ ਹੁੰਦਾ ਰਿਹਾ। ਪ੍ਰਿੰਸੀਪਲ ਲਿਖਦੇ ਹਨ ਕਿ ਮੈਂ ਇਹ ਨਜ਼ਾਰਾ ਅੱਖੀਂ ਦੇਖ ਰਿਹਾ ਸੀ। ਫਿਰ ਭਾਈ ਸਾਹਿਬ ਥੋੜਾ ਰੁਕੇ ਤੇ ਕਿਹਾ, "ਸਾਧ ਸੰਗਤ ਜੀ" 'ਰਾਗ ਗਾਉਣਾ ਔਖਾ ਹੈ ਅਤੇ ਕੀਰਤਨ ਕਰਨਾ ਉਸ ਤੋਂ ਵੀ ਕਠਿਨ। ਸਿੱਖ ਤੇ ਗੁਰੂ ਦੀ ਕਿਰਪਾ ਹੋਏ ਤਾਂ ਗੁਰੂ ਦਾ ਜਸ ਗਾਇਨ ਹੁੰਦਾ ਹੈ ਨਹੀਂ ਤਾਂ ਨਹੀਂ, ਇੰਜ ਕਹਿੰਦੇ ਹੋਏ ਆਪ ਨੇ ਇਹ ਤੁੱਕ ਗਾ ਕੇ ਮੋਹਰ ਲਾ ਦਿੱਤੀ- **ਜਨ ਨਾਨਕ ਇਹੁ ਖੇਲੁ ਕਠਨ ਹੈ ਕਿਨਹੂੰ ਗੁਰਮੁਖਿ ਜਾਨਾ॥ "** ਸ਼ਬਦ ਦੀ ਸਮਾਪਤੀ ਤੋਂ ਬਾਅਦ ਸੰਗਤਾਂ ਤੇ ਸੰਗਤ ਵਿੱਚ ਬੈਠੇ ਰਾਗੀਆਂ ਨੇ ਮਾਇਆ ਦੀ ਝੜੀ ਲਾ ਦਿੱਤੀ।

ਭਾਈ ਸਾਹਿਬ ਬਾਰੇ ਭਾਈ ਅਵਤਾਰ ਸਿੰਘ ਹਜ਼ੂਰੀ ਰਾਗੀ ਸੀਸ ਗੰਜ ਦਿੱਲੀ ਨੇ ਇੱਕ ਘਟਨਾ ਨੂੰ ਦਰਸਾਉਂਦਿਆਂ ਦੱਸਿਆ ਕਿ 1970 ਦੀ ਗੱਲ ਹੈ, ਦਿੱਲੀ ਵਿਖੇ ਗੁਰੂ ਤੇਗ ਬਹਾਦੁਰ ਜੀ ਦਾ ਗੁਰਪੁਰਬ ਮਨਾਇਆ ਜਾ ਰਿਹਾ ਸੀ। ਬਹੁਤ ਵੱਡਾ ਕੀਰਤਨ ਦਰਬਾਰ ਸੀ। ਭਾਈ ਧਰਮ ਸਿੰਘ ਜ਼ਖਮੀ ਤੋਂ ਬਾਅਦ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦੀ ਵਾਰੀ ਸੀ। ਉਨ੍ਹਾਂ ਸਟੇਜ ਤੇ ਆਪਣੇ ਸਾਥੀਆਂ ਸਮੇਤ ਬੈਠ ਕੇ, ਸਾਜ਼ ਸੁਰ ਕਰਨੇ ਆਰੰਭੇ। ਭਾਈ ਸਾਹਿਬ ਨੇ ਮੰਗਲਾਚਰਨ ਸ਼ੁਰੂ ਕੀਤਾ। ਉਸ ਸਮੇਂ ਉਹ **"ਭਗਤਿ ਵਛਲੁ ਅਨਾਥ ਨਾਥੇ"** ਸ਼ਬਦ ਨਾਲ ਮੰਗਲਾਚਰਨ ਸ਼ੁਰੂ ਕਰ ਰਹੇ ਸਨ। ਲਫ਼ਜ਼ਾਂ ਨੂੰ ਇਹੋ ਜਿਹੇ ਅੰਦਾਜ਼ ਵਿੱਚ ਪ੍ਰਗਟਾਇਆ ਕਿ ਪੰਡਾਲ ਤੋਂ ਬਾਹਰ ਇੱਕ ਮੁਸਲਮਾਨ ਬਜ਼ੁਰਗ ਨੇ ਮੈਨੂੰ ਪੁੱਛਿਆ, "ਇਹ ਕੌਣ ਗਾ ਰਿਹਾ ਹੈ? ਮੈਂ ਦੱਸਿਆ ਭਾਈ ਸਮੁੰਦ ਸਿੰਘ ਜੀ ਹਨ। ਉਸਨੇ ਫਿਰ ਪੁੱਛਿਆ ਇਨ੍ਹਾਂ ਦੀ ਉਮਰ ਕਿੰਨੀ ਕੁ ਹੋਵੇਗੀ। ਮੈਂ ਦੱਸਿਆ ਕਿ ਅੰਦਾਜ਼ਨ ਸੱਤਰ ਸਾਲ। ਮੰਗਲਾਚਰਨ ਨੂੰ ਹੀ ਸੁਣ ਕੇ ਉਹ ਵਜਦ ਵਿੱਚ ਆ ਗਿਆ ਤੇ ਆਖਣ ਲੱਗਾ **'ਯਹਿ ਤੋ ਅਲਾਹ ਕੀ ਆਵਾਜ਼ ਹੈ, ਯਹਿ ਤੋ ਅਲਾਹ ਕੀ ਆਵਾਜ਼ ਹੈ। "**

ਸ੍ਰ: ਕੁਲਦੀਪ ਸਿੰਘ ਹਉਰਾ ਨੇ ਆਪਣੇ ਲੇਖ 'ਅੱਖੀਂ ਡਿੱਠਾ ਕੰਨੀ



ਸੁਣਿਆ ਭਾਈ ਸਮੁੰਦ ਸਿੰਘ' ਵਿੱਚ ਲਿਖਿਆ ਹੈ ਕਿ ਭਾਈ ਸਾਹਿਬ ਕੀਰਤਨ ਕਰਦੇ ਕਰਦੇ ਕੀਰਤਨ ਰੂਪ ਹੀ ਹੋ ਜਾਂਦੇ ਸਨ। ਚਿਹਰੇ ਦੀ ਦਿੱਖ ਤੋਂ ਇੰਜ ਪ੍ਰਤੀਤ ਹੁੰਦਾ ਸੀ ਜਿਵੇਂ ਉਨ੍ਹਾਂ ਦੀ ਬਿਰਤੀ ਪੂਰੇ ਟਿਕਾਉ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿੱਚ ਜੁੜੀ ਹੋਵੇ। ਮੈਨੂੰ ਭਾਵੇਂ ਰਾਗ ਵਿਦਿਆ ਬਾਰੇ ਬਹੁਤੀ ਸੂਝ ਨਹੀਂ ਹੈ ਪਰ ਫਿਰ ਵੀ ਮੈਂ ਜਦੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਵਿੱਚ ਉਨ੍ਹਾਂ ਦੀ ਰਸਨਾ ਤੋਂ ਗਾਇਨ ਸ਼ਬਦ ਸੁਣਦਾ ਹਾਂ ਤਾਂ ਤ੍ਰਿਪਤ ਹੋ ਜਾਂਦਾ ਹਾਂ ਤੇ ਕਈ ਵਾਰੀ ਵੈਰਾਗ ਵਿੱਚ ਆ ਕੇ ਉੱਚੀ ਉੱਚੀ ਰੋਣ ਲੱਗ ਜਾਂਦਾ ਹਾਂ। ਬੱਚੇ ਪੁੱਛਦੇ ਹਨ ਦਾਰ ਜੀ! ਕੀ ਹੋਇਆ? ਮੈਂ ਉਨ੍ਹਾਂ ਨੂੰ ਕੀ ਦੱਸਾਂ? ਸ਼ਾਲਾ! ਐਸੀ ਵੈਰਾਗਮਈ ਹਾਲਤ ਮੇਰੀ ਸਦਾ ਬਣੀ ਰਹੇ।

ਸ੍ਰ: ਅਮਰ ਸਿੰਘ ਦੁਸਾਂਝ (ਅਕਾਲੀ ਪੱਤ੍ਰਕਾ ਦੇ ਬਾਨੀ ਸੰਪਾਦਕ) ਆਪਣੀ ਅਖ਼ਬਾਰ ਦੇ ਇੱਕ ਲੇਖ ਵਿੱਚ ਇਸ ਘਟਨਾ ਦਾ ਜ਼ਿਕਰ ਕਰਦੇ ਲਿਖਦੇ ਹਨ ਭਾਈ ਸਾਹਿਬ ਇੱਕ ਵਾਰ ਜੇਠ ਹਾੜ ਦੀ ਅਤਿ ਗਰਮੀ ਵਿੱਚ ਰਾਵਲਪਿੰਡੀ ਦੇ ਇਲਾਕੇ ਵਿੱਚ ਕੀਰਤਨ ਕਰਨ ਲਈ ਗਏ। ਅਤਿ ਦੀ ਗਰਮੀ ਕਾਰਨ ਸਾਰੀ ਕਾਇਨਾਤ ਬਹਿਬਲ ਹੋ ਚੁੱਕੀ ਸੀ। ਕੀਰਤਨ ਦੌਰਾਨ ਇੱਕ ਪ੍ਰੇਮੀ ਨੇ ਸੰਗਤ ਵਿੱਚੋਂ ਉੱਠ ਕੇ ਬੇਨਤੀ ਕੀਤੀ ਕਿ ਭਾਈ ਸਾਹਿਬ ਸੁਣਿਆ ਹੈ ਕਿ ਰਾਗ ਵਿੱਚ ਬਹੁਤ ਸ਼ਕਤੀ ਹੈ। ਮਲ੍ਹਾਰ ਗਾਇਨ ਕਰਨ ਨਾਲ ਮੇਘ ਵਰਸਦਾ ਹੈ। ਆਪ ਕਿਰਪਾ ਕਰੋ ਤੇ ਮਲ੍ਹਾਰ ਗਾਉ ਤਾਂ ਜੋ ਠੰਡ ਵਰਤੇ। ਇਹ ਗੱਲ ਸੁਣ ਕੇ ਭਾਈ ਸਾਹਿਬ ਜੀ ਗੰਭੀਰ ਹੋ ਗਏ। ਉਨ੍ਹਾਂ ਗਲ ਵਿੱਚ ਪੱਲਾ ਪਾ ਕੇ ਗੁਰੂ ਸਾਹਿਬ ਦੇ ਸਨਮੁੱਖ ਅਰਦਾਸ ਕੀਤੀ ,"ਹੇ ਸੱਚੇ ਪਾਤਸ਼ਾਹ! ਆਪ ਹਿਰਦੇ ਵਿੱਚ ਬੈਠ ਕੇ ਰਾਗ ਗਾਇਨ ਦੀ ਬਖ਼ਸ਼ਿਸ਼ ਕਰੋ। ਆਪਣੇ ਸੇਵਕ ਦੀ ਲੱਜ-ਪੱਤ ਰੱਖਣੀ। ਅਰਦਾਸ ਉਪਰੰਤ ਭਾਈ ਸਾਹਿਬ ਨੇ ਰਾਗ ਮਲ੍ਹਾਰ ਦਾ ਗਾਇਨ ਅਲਾਪਿਆ, ਸ਼ਬਦ ਸੀ। **'ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ'** ਚਸ਼ਮਦੀਦ ਦੱਸਦੇ ਹਨ ਕਿ ਇੱਕ ਬਦਲੀ ਆਕਾਸ਼ ਵਿੱਚੋਂ ਪ੍ਰਗਟ ਹੋਈ ਤੇ ਸੂਰਜ ਅਲੋਪ ਹੋ ਗਿਆ। ਕਿਣ ਮਿਣ ਹੋਈ ਤੇ ਫਿਰ ਬਾਅਦ ਵਿੱਚ ਮੁਸਲਾਧਾਰ ਬਾਰਸ਼ ਆਰੰਭ ਹੋ ਗਈ।

ਭਾਈ ਸਾਹਿਬ ਨੇ **ਜਦੋਂ ਇਹ ਕਰਾਮਾਤ ਵੇਖੀ ਤਾਂ ਵੈਰਾਗ ਅਵਸਥਾ ਵਿੱਚ ਆ ਗਏ। ਨੇਤਰਾਂ ਵਿੱਚ ਜਲ ਆ ਗਿਆ। ਬਾਹਰ ਮੀਂਹ ਵਰਸ ਰਿਹਾ ਸੀ। ਇਧਰ ਨੈਣਾਂ ਵਿੱਚ ਜਲਧਾਰਾ ਵਹਿ ਰਹੀ ਸੀ।** ਸੰਗਤਾਂ ਵਿਸਮਾਦ ਵਿੱਚ ਆਈਆਂ ਗੁਰੂ ਤੋਂ ਤੇ ਗੁਰੂ ਦੇ ਕੀਰਤਨੀਏ ਤੋਂ ਬਲਿਹਾਰ ਬਲਿਹਾਰ ਜਾ ਰਹੀਆਂ ਸਨ।

ਭਾਈ ਸਾਹਿਬ ਦੇ ਤਬਲੇ ਦੇ ਸਾਥੀ ਭਾਈ ਹਰਨਾਮ ਸਿੰਘ ਜੀ ਨੇ ਇੱਕ ਹੋਰ ਸੱਚਮੁੱਚ ਵਾਪਰੀ ਘਟਨਾ ਦਾ ਬਿਆਨ ਕੀਤਾ। ਉਨ੍ਹਾਂ ਦੱਸਿਆ ਕਿ 1947 ਦੀ ਵੰਡ ਉਪਰੰਤ ਇੱਕ ਵਾਰ ਪਾਕਿਸਤਾਨ ਦੇ ਧਾਰਮਿਕ ਗੁਰਧਾਮਾਂ ਦੀ ਯਾਤਰਾ ਲਈ ਇਧਰੋਂ ਪੰਜਾਬ ਤੋਂ ਸੰਗਤ ਗਈ। ਅਸੀਂ ਵੀ ਕੀਰਤਨੀ ਜੱਥੇ ਦੇ ਰੂਪ ਵਿੱਚ ਨਾਲ ਗਏ ਤੇ ਨਨਕਾਣਾ ਸਾਹਿਬ ਕੀਰਤਨ ਦੀ ਹਾਜ਼ਰੀ ਲਗਵਾਈ।

ਕੀਰਤਨ ਕਰਨ ਉਪਰੰਤ ਲੱਗਭੱਗ ਚੌਦਾਂ-ਪੰਦਰਾਂ ਪ੍ਰੇਮੀਆਂ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ, "ਤੁਸਾਂ ਗੁਰੂ ਨਾਨਕ ਪਾਤਸ਼ਾਹ ਦੇ ਦਰ ਤੇ ਲੰਮਾ ਸਮਾਂ ਕੀਰਤਨੀਏ ਵਜੋਂ ਸੇਵਾ ਕੀਤੀ ਹੈ। ਸਾਡੀ ਤਰਫੋਂ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿੱਚ ਅਰਜ਼ੋਈ ਕਰੋ ਕਿ ਸਾਡੇ ਤੇ ਗੁਰੂ ਸਾਹਿਬ ਬਖ਼ਸ਼ਿਸ਼ ਕਰਨ ਤੇ ਸਾਡੀ ਝੋਲੀ ਪੁੱਤਰਾਂ ਦੀ ਖੈਰ ਪਵੇ। ਭਾਈ ਸਾਹਿਬ ਨੇ ਗਲ ਵਿੱਚ ਪੱਲਾ ਪਾ ਕੇ ਅਰਦਾਸ ਕੀਤੀ, "ਹੇ ਨਾਨਕ ਪਾਤਸ਼ਾਹ ! ਮੈਂ ਤੇਰੇ ਦਰ ਦਾ ਕੀਰਤਨੀਆਂ ਹਾਂ। ਤੇਰੇ ਦਰ ਦਾ ਕੀਰਤਨੀਆਂ ਸਮਝ ਕੇ ਇਨ੍ਹਾਂ ਸਾਰਿਆਂ ਨੇ ਮੈਨੂੰ ਬੇਨਤੀ ਕਰਨ ਲਈ ਕਿਹਾ ਹੈ। ਇਨ੍ਹਾਂ ਵਿੱਚ ਮੇਰਾ ਸਾਥੀ ਹਰਨਾਮ ਸਿੰਘ ਵੀ ਹੈ। ਜੋ ਜੋ ਇਹ ਮੰਗਦੇ ਹਨ ਇਨ੍ਹਾਂ ਦੀ ਝੋਲੀ ਖੈਰ ਪਾ। "ਭਾਈ ਹਰਨਾਮ ਸਿੰਘ ਨੇ ਦੱਸਿਆ ਕਿ ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਸਾਰਿਆਂ ਨੂੰ ਉਹੀ ਬਖਸ਼ਿਸ਼ ਹੋਈ ਜੋ ਕਿਸੇ ਨੇ ਮੰਗਿਆ ਸੀ ਮੇਰਾ ਪੁੱਤਰ ਅੰਮ੍ਰਿਤਪਾਲ ਵੀ ਉਨ੍ਹਾਂ ਦੀ ਅਰਦਾਸ ਸਦਕਾ ਹੀ ਹੋਇਆ ਸੀ। ਇੱਕ ਪ੍ਰੇਮੀ ਨੇ ਲੜਕੀ ਦੀ ਮੰਗ ਕੀਤੀ ਉਸਦੇ ਘਰ ਲੜਕੀ ਹੀ ਹੋਈ। **ਭਾਈ ਸਾਹਿਬ ਦੀ ਜ਼ੁਬਾਨ ਵਿੱਚ ਇੱਕ ਅਗੰਮੀ ਸ਼ਕਤੀ ਸੀ, ਜਿਸ ਕਰਕੇ ਮੈਂ ਇੰਨਾ ਸਮਾਂ ਉਨ੍ਹਾਂ ਨਾਲ ਜੁੜਿਆ ਰਿਹਾ।**

ਇੱਕ ਵਾਰ ਸਵਰਗਵਾਸੀ ਸ੍ਰ: ਗੁਲਾਬ ਸਿੰਘ ਪ੍ਰਧਾਨ ਸ੍ਰੀ ਗੁਰੂ ਸਿੰਘ



ਸਭਾ (ਸਬਜ਼ੀ ਮੰਡੀ) ਲੁਧਿਆਣਾ ਨੇ ਮੈਨੂੰ ਦੱਸਿਆ ਕਿ ਉਹ ਪਾਕਿਸਤਾਨ ਨਨਕਾਣਾ ਸਾਹਿਬ ਗੁਰਧਾਮਾਂ ਦੇ ਦਰਸ਼ਨ ਕਰਨ ਸੰਗਤਾਂ ਦੇ ਜੱਥੇ ਨਾਲ ਗਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਇਹ ਗਲੀ ਵਿੱਚੋਂ ਜਦੋਂ ਉਹ ਲੰਘੇ ਤਾਂ ਉਨ੍ਹਾਂ ਦੀ ਨਜ਼ਰ ਇੱਕ ਮਕਾਨ ਦੇ ਬਾਹਰ ਲੱਗੀ ਇੱਕ ਨੇਮ ਪਲੇਟ (ਓਮਏ ਫਲਓਟਏ) ਤੇ ਪਈ। ਜਿਸ ਤੇ ਉਰਦੂ ਵਿੱਚ ਭਾਈ ਸਮੁੰਦ ਸਿੰਘ ਹਜ਼ੂਰੀ ਰਾਗੀ ਲਿਖਿਆ ਹੋਇਆ ਸੀ।

ਸ੍ਰ: ਗੁਲਾਬ ਸਿੰਘ ਨੇ ਦੱਸਿਆ ਕਿ ਮੈਂ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਦੇਸ਼ ਦੀ ਵੰਡ ਹੋ ਚੁੱਕੀ ਹੈ। ਮਕਾਨ ਕਿਸੇ ਹੋਰ ਨੂੰ ਅਲਾਟ ਹੋ ਚੁੱਕਾ ਹੋਵੇਗਾ ਤੇ ਮਕਾਨ ਦੇ ਬਾਹਰ ਦੀ ਨੇਮ ਪਲੇਟ ਅਜੇ ਵੀ ਨਹੀਂ ਬਦਲੀ ਗਈ। ਮੈਂ ਹੈਰਾਨੀ ਨਾਲ ਦਰਵਾਜ਼ਾ ਖੜਕਾਇਆ ਤਾਂ ਇੱਕ ਸੱਜਣ ਬਾਹਰ ਆਏ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਭਾਈ ਸਾਹਿਬ ਦੀ ਅਜੇ ਤੱਕ ਨੇਮ ਪਲੇਟ ਕਿਉਂ ਲਗੀ ਰਹਿਣ ਦਿੱਤੀ ਹੈ। **ਉਹ ਸੱਜਣ ਜੋ ਪੇਸ਼ੇ ਵਿੱਚ M.B.B.S. ਡਾਕਟਰ ਸਨ ਨੇ ਅਧੀਨਗੀ ਸਹਿਤ ਦੱਸਿਆ ਕਿ ਮੈਂ ਬਹੁਤ ਖੁਸ਼ਨਸੀਬ ਹਾਂ ਕਿਉਂਕਿ ਮੈਨੂੰ ਇਸ ਘਰ ਵਿੱਚੋਂ ਬਹੁਤ ਬਰਕਤਾਂ ਹਾਸਿਲ ਹੋਈਆਂ ਸਨ।**

ਮੈਨੂੰ ਵਿਸ਼ਵਾਸ ਹੈ ਕਿ ਇਸ ਮਕਾਨ ਵਿੱਚ ਬਾਬਾ ਨਾਨਕ ਦਾ ਕੀਰਤਨੀਆਂ ਨਿਵਾਸ ਕਰਦਾ ਰਿਹਾ ਹੈ। ਮੈਂ ਇਹ ਨੇਮ ਪਲੇਟ ਆਪਣੇ ਸਮੇਂ ਦੌਰਾਨ ਕਦੇ ਨਹੀਂ ਬਦਲਾਂਗਾ। ਸੋ ਇਹ ਸਪੱਸ਼ਟ ਹੈ ਕਿ ਭਾਈ ਸਾਹਿਬ ਦੀ ਰੂਹਾਨੀ ਸਖ਼ਸ਼ੀਅਤ ਕਰਕੇ ਮੁਸਲਮਾਨ ਫਿਰਕੇ ਦੇ ਲੋਕ ਵੀ ਭਾਈ ਸਾਹਿਬ ਨੂੰ ਕਿੰਨਾ ਪਿਆਰ ਕਰਦੇ ਸਨ ਤੇ ਉਨ੍ਹਾਂ ਦੀ ਆਸਥਾ ਗੁਰੂ ਘਰ ਦੇ ਕੀਰਤਨੀਆਂ ਤੇ ਅਸੀਮ ਸੀ।

ਭਾਈ ਸਾਹਿਬ ਨੂੰ ਆਮ ਕਰਕੇ ਗੁਰਸਿੱਖ ਪ੍ਰੇਮੀ ਅੰਮ੍ਰਿਤ ਵੇਲੇ 'ਆਸਾ ਜੀ ਦੀ ਵਾਰ' ਦਾ ਸੰਪੂਰਨ ਕੀਰਤਨ ਸੁਣਨ ਲਈ ਬੁਲਾਉਂਦੇ ਸਨ। ਪ੍ਰਸਿੱਧ ਕਵੀ ਸੁਰਜੀਤ ਸਿੰਘ ਮਰਜਾਰਾ ਨੇ ਦੱਸਿਆ ਕਿ ਇੱਕ ਵਾਰ ਉਨ੍ਹਾਂ ਸਾਡੇ ਰਿਸ਼ਤੇਦਾਰ ਦੇ ਘਰ ਆਉਣਾ ਸੀ। ਭਾਈ ਸਾਹਿਬ ਸਵੇਰੇ 6 ਵਜੇ ਤੜਕਸਾਰ ਰਿਕਸ਼ੇ ਤੇ ਬੈਠ ਕੇ ਉਨ੍ਹਾਂ ਦੇ ਘਰ ਆਏ। ਸਰਦੀਆਂ ਦਾ ਮੌਸਮ ਸੀ ਭਾਈ ਸਾਹਿਬ ਦੇ ਦਰਸ਼ਨ

ਕਰਨ ਲਈ ਘਰ ਦੇ ਸਾਰੇ ਮੈਂਬਰਾਂ ਵਿੱਚ ਬਹੁਤ ਤਾਂਘ ਤੇ ਉਤਸ਼ਾਹ ਸੀ। ਉਹ ਭਾਈ ਸਾਹਿਬ ਦੀ ਉਡੀਕ ਵਿੱਚ ਘਰ ਦੇ ਦਰਵਾਜ਼ੇ ਤੇ ਠੰਡੀ ਸੀਤ ਸਵੇਰ ਨੂੰ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਜਦੋਂ ਭਾਈ ਸਾਹਿਬ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੈਠੇ ਤਾਂ ਸਾਰਾ ਮੁਹੱਲਾ ਹੀ ਜਿਵੇਂ ਕੀਰਤਨ ਸੁਣਨ ਲਈ ਉੱਮਡ ਪਿਆ ਘਰ ਵਿੱਚ ਤਿਲ ਧਰਨ ਦੀ ਥਾਂ ਨਾ ਰਹੀ। ਸੰਗਤਾਂ ਵਲੋਂ ਸ਼ਬਦ ਭੇਟਾ ਦੀ ਝੜੀ ਲੱਗ ਗਈ।

ਇੱਕ ਵਾਰ ਭਾਈ ਸਾਹਿਬ ਰਾਜਾ ਗੁਲਾਬ ਸਿੰਘ ਦੇ ਘਰ ਕੀਰਤਨ ਕਰਨ ਲਈ ਗਏ। ਉਥੇ ਉਨ੍ਹਾਂ ਨੂੰ ਕੀਰਤਨ ਸੁਣ ਕੇ ਉਨ੍ਹਾਂ ਅੰਦਰ ਸ਼ਾਂਤੀ, ਮੁਹੱਬਤ ਤੇ ਰੂਹਾਨੀਅਤ ਦਾ ਏਨਾ ਚਸ਼ਮਾ ਵਹਿ ਤੁਰਿਆ ਜਿਵੇਂ ਉਨ੍ਹਾਂ ਦੀ ਰੂਹ ਨੂੰ ਰੱਜ ਆ ਗਿਆ ਹੋਵੇ ਤੇ ਉਨ੍ਹਾਂ ਭਾਈ ਸਾਹਿਬ ਨੂੰ ਨਵੀਂ ਨਕੋਰ ਕਾਰ ਭੇਂਟ ਕੀਤੀ ਪਰ ਭਾਈ ਸਾਹਿਬ ਨੇ ਇਨਕਾਰ ਕਰ ਦਿੱਤਾ।

ਪੰਜਾਬੀ ਸੂਬੇ ਦੇ ਮੋਰਚੇ ਵੇਲੇ, ਸਾਰੇ ਰਾਗੀ ਸਿੰਘਾਂ ਨੇ ਫੈਸਲਾ ਕੀਤਾ ਕਿ ਗੁਰਦੁਆਰਾ ਕਲਗੀਧਰ ਸਿੰਘ ਸਭਾ ਲੁਧਿਆਣੇ ਵਿਖੇ ਸਾਰਾ ਦਿਨ ਕੀਰਤਨ ਕਰਨ ਗਏ, ਭਾਈ ਸਮੁੰਦ ਸਿੰਘ ਜੀ ਨੇ ਕੀਰਤਨ ਕੀਤਾ, ਜਦੋਂ ਬਾਹਰ ਆਏ ਤਾਂ ਪੁਲੀਸ ਨੇ ਗ੍ਰਿਫਤਾਰ ਕਰ ਲਿਆ, ਜਦੋਂ ਸ੍ਰ: ਪਰਤਾਪ ਸਿੰਘ ਕੈਰੋਂ ਨੂੰ ਪਤਾ ਲਗਾ ਤਾਂ ਡਿਪਟੀ ਕਮਿਸ਼ਨਰ (D.C.) ਨੂੰ ਝਾੜ ਪਾਈ ਤੇ ਕਿਹਾ ਕਿ ਭਾਈ ਸਾਹਿਬ ਤੋਂ ਸਤਿਕਾਰ ਸਹਿਤ ਮਾਫੀ ਮੰਗ ਕੇ ਰਿਹਾ ਕਰਕੇ ਘਰ ਛੱਡ ਕੇ ਆਉ।

ਗੱਲ ਕੀ ਭਾਈ ਸਾਹਿਬ ਨੂੰ ਹਰ ਫਿਰਕੇ, ਮਜ਼ਬ ਤੇ ਧਰਮ ਦੇ ਲੋਕ ਬਹੁਤ ਪਿਆਰ ਕਰਦੇ ਸਨ। **ਉਨ੍ਹਾਂ ਦੀ ਸ਼ਬਦ ਪ੍ਰਤੀ ਤੇ ਸੰਗਤ ਪ੍ਰਤੀ ਸਾਧਨਾ ਨੇ ਉਨ੍ਹਾਂ ਨੂੰ ਹਰ ਇੱਕ ਦੇ ਦਿਲ ਦਾ ਬਾਦਸ਼ਾਹ ਬਣਾ ਦਿੱਤਾ।** ਅਜੋਕੇ ਗੁਰੂ ਦੇ ਰਾਗੀਆਂ, ਕੀਰਤਨੀਆਂ ਤੇ ਪ੍ਰੇਮੀਆਂ ਲਈ ਉਹ ਇੱਕ ਰਾਹ-ਦਿਸੇਰਾ ਹਨ ਸੋ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਧਨ, ਸ਼ੁਹਰਤ ਤੋਂ ਉਪਰ ਉੱਪਰ ਉੱਠ ਕੇ ਉਨ੍ਹਾਂ ਦੀ ਗਾਇਕੀ ਦੀਆਂ ਰਮਜ਼ਾਂ ਨੂੰ ਸਮਝਣ ਤੇ ਯਤਨਸ਼ੀਲ ਹੁੰਦੇ ਹੋਏ ਉਸ ਨੂੰ ਚਿਰੰਕਾਲ ਲਈ ਜੀਵਿਤ ਰੱਖਣ।



# ਅੰਤਿਮ ਦਰਸ਼ਨ



ਭਾਈ ਸਾਹਿਬ
ਫਤਹ ਬੁਲਾਉਂਦੇ ਹੋਏ

5 ਜਨਵਰੀ 1972 ਦੀ ਉਹ ਸ਼ਾਮ ਮੈਨੂੰ ਪੂਰੀ ਤਰ੍ਹਾਂ ਯਾਦ ਹੈ ਜਦੋਂ ਮੈਂ ਤੇ ਵੀਰ ਹਰਿਭਜਨ ਸਿੰਘ ਜੀ ਹਸਪਤਾਲ ਤੋਂ ਕੁਝ ਸਮਾਂ ਪਹਿਲੋਂ ਹੀ ਅਜੇ ਘਰ ਪਰਤੇ ਹੀ ਸਾਂ ਕਿ ਭਾਈ ਸਵਰਨ ਸਿੰਘ ਜੀ ਹਸਪਤਾਲੋਂ ਨੱਸੇ ਨੱਸੇ ਆਏ ਤੇ ਸਾਹੋ-ਸਾਹੀ ਹੋਇਆਂ ਨੇ ਸਾਨੂੰ ਦੱਸਿਆ ਕਿ ਭਾਈ ਸਾਹਿਬ ਦਾ ਸਰੀਰ ਸ਼ਾਂਤ ਹੋ ਗਿਆ ਹੈ। ਅਸੀਂ ਹੈਰਾਨ ਹੋ ਗਏ ਕਿ ਹੁਣੇ ਹੀ ਉਨ੍ਹਾਂ ਪਾਸੋਂ ਆਏ ਹਾਂ, ਉਦੋਂ ਤਾਂ ਉਹ ਅਡੋਲ ਪਏ ਨਜ਼ਰ ਆਉਂਦੇ ਸਨ। ਆਪਣੇ ਆਪ ਨੂੰ ਸੰਭਾਲਿਆ ਤੇ ਉਹਨੀ ਪੈਰੀਂ ਹਸਪਤਾਲ ਪਰਤ ਗਏ। ਉਹਨਾਂ ਦੀ ਪਵਿੱਤਰ ਦੇਹ ਨੂੰ ਗੱਡੀ ਵਿੱਚ ਪਾ ਕੇ ਘਰ ਲੈ ਆਂਦਾ। ਆਲੇ ਦੁਆਲੇ ਸਾਰੇ ਪਾਸੇ ਕੰਨੋ ਕੰਨੀ ਖ਼ਬਰ ਪਹੁੰਚ ਗਈ। ਅਸੀਂ ਨਿਕਟਵਰਤੀ ਸੰਬੰਧੀਆਂ, ਰਿਸ਼ਤੇਦਾਰਾਂ ਨੂੰ ਟੈਲੀਫੋਨ ਰਾਹੀਂ ਸੁਨੇਹਾ ਭੇਜਣ ਲੱਗੇ। ਸਿੰਘ ਸਭਾਵਾਂ, ਗੁਰਦੁਆਰਿਆਂ ਵਿਖੇ ਸ਼ਾਮ ਦੇ ਦੀਵਾਨਾਂ ਵਿੱਚ ਅਨਾਊਂਸਮੈਂਟਾਂ ਹੋ ਗਈਆਂ।

ਭਾਈ ਸਾਹਿਬ ਦੀ ਪਵਿੱਤਰ ਦੇਹ ਦੇ ਕੋਲ ਰਿਸ਼ਤੇਦਾਰ, ਸਾਕ ਸੰਬੰਧੀ ਤੇ ਸਿੱਖ ਸੰਗਤਾਂ ਬੈਠ ਸਾਰੀ ਰਾਤ ਸੁਖਮਨੀ ਸਾਹਿਬ ਜੀ ਦਾ ਵਾਰੀ-ਵਾਰੀ ਪਾਠ ਕਰਦੀਆਂ ਰਹੀਆਂ। ਉਨ੍ਹਾਂ ਦਾ ਚਿਹਰਾ ਸ਼ਾਂਤ ਤੇ ਅਡੋਲ ਨਜ਼ਰ ਆ ਰਿਹਾ ਸੀ।

ਸਵੇਰ ਸਾਰ ਸਾਰਾ ਸ਼ਹਿਰ ਉਹਨਾਂ ਦੇ ਦਰਸ਼ਨਾਂ ਲਈ ਉੱਮਡ ਆਇਆ। ਆਉਂਦਿਆਂ ਸਾਰ ਕਈ ਪ੍ਰੇਮੀ ਤਾਂ ਭੁੱਬੀਂ ਰੋ ਪਏ। ਉਨ੍ਹਾਂ ਦੀਆਂ ਬੱਚੀਆਂ ਦੇ ਅੱਥਰੂ ਡੁਲ੍ਹ ਡੁਲ੍ਹ ਪੈਂਦੇ ਸਨ। ਮਾਤਾ ਦਯਾ ਕੌਰ ਜੀ ਪੂਰਾ ਸਮਾਂ ਸ਼ਾਂਤ ਤੇ ਅਡੋਲ ਬੈਠੇ ਗੁਰਬਾਣੀ ਧਿਆਉਂਦੇ ਰਹੇ। ਉਨ੍ਹਾਂ ਦੇ ਚਿਹਰੇ ਤੇ ਉਦਾਸੀ ਤਾਂ

ਸੀ, ਪਰ ਬੁੱਲਾਂ ਤੋਂ ਵਾਹਿਗੁਰੂ ਦੀ ਧੁਨੀ ਉਪਜਦੀ। ਕਿਸੇ ਵੇਲੇ ਅਚਣਚੇਤ ਕਹਿ ਉੱਠਦੇ, "ਮੇਰਾ ਤਾਂ ਉਨ੍ਹਾਂ ਨਾਲ ਜਨਮ-ਜਨਮਾਂਤਰਾਂ ਦਾ ਸਾਥ ਸੀ। ਪਰ ਮੈਨੂੰ ਪਹਿਲਾਂ ਹੀ ਛੱਡ ਕੇ ਚਲੇ ਗਏ, ਪਰ ਉਸੇ ਹੀ ਪਲ ਉਨ੍ਹਾਂ ਨੂੰ ਭਾਈ ਸਾਹਿਬ ਦੀ ਨਸੀਹਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਯਾਦ ਆਉਂਦਾ **"ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।"** ਮੈਂ ਉਨ੍ਹਾਂ ਨੂੰ ਅੱਖੀਂ ਵੇਖਿਆ ਕਿ ਉਹ ਰੋਏ ਨਹੀਂ, ਉਹ ਠਰ੍ਹਮੇ ਨਾਲ ਹਰ ਇੱਕ ਆਉਣ ਜਾਣ ਵਾਲੇ ਨੂੰ ਫਤਹਿ ਬੁਲਾਉਂਦੇ ਜਿਵੇਂ ਭਾਣੇ ਨੂੰ ਮੰਨਣ ਦੀ ਅਗੰਮੀ ਸ਼ਕਤੀ ਉਨ੍ਹਾਂ ਵਿੱਚ ਪ੍ਰਵੇਸ਼ ਕਰ ਗਈ ਹੋਵੇ।

ਮੈਂ ਸਾਰੀ ਰਾਤ ਉਸ ਪਵਿੱਤਰ ਆਤਮਾ ਦੇ ਨੇੜੇ ਬੈਠਾ ਰਿਹਾ। ਉਨ੍ਹਾਂ ਦੀਆਂ ਯਾਦਾਂ ਦੀ ਇੱਕ ਝੜੀ ਲੱਗ ਤੁਰੀ। ਮੈਂ ਹਰ ਰੋਜ਼ ਉਨ੍ਹਾਂ ਦੀ ਤਾਂਘ ਤੇ ਖਿੱਚ ਵਿੱਚ ਉਨ੍ਹਾਂ ਪਾਸ ਹਾਜ਼ਰ ਹੁੰਦਾ, ਦੇਰ ਰਾਤ ਤੱਕ ਉਨ੍ਹਾਂ ਪਾਸ ਠਹਿਰਦਾ, ਉਨ੍ਹਾਂ ਦੀ ਸੇਵਾ ਕਰਦਾ, ਰਾਗਾਂ ਸੰਬੰਧੀ ਚਰਚਾ ਕਰਦਾ, ਦਿਲਰੁਬਾ ਸੁਣਾਉਂਦਾ। ਜਦੋਂ ਸੌਂ ਜਾਂਦੇ ਘਰ ਪਰਤਦਾ। ਵੀਰ ਹਰਿਭਜਨ ਸਿੰਘ ਤਾਂ ਅਮਰੀਕਾ ਸਨ, ਉਹ ਮੈਨੂੰ ਪੁੱਤਰਾਂ ਵਾਂਗ ਪਿਆਰਦੇ ਤੇ ਕਈ ਵਾਰ ਕਹਿੰਦੇ, "ਧੀਆਂ ਆਪਣੇ ਘਰ ਤੁਰ ਗਈਆਂ ਹਨ, ਭਜਨ ਅਮਰੀਕਾ ਬੈਠਾ ਹੈ, ਇਥੇ ਤਾਂ ਤੂੰ ਹੀ ਮੇਰਾ ਪੁੱਤਰ ਹੈਂ। ਹਰ ਰੋਜ਼ ਆਇਆ ਕਰ।" ਜੇ ਕਦੀ ਕਿਸੇ ਕਾਰਨ ਨਾ ਜਾਂਦਾ ਭਾਈ ਸਾਹਿਬ ਸੁਨੇਹਾ ਭੇਜ ਕੇ ਬੁਲਾਉਂਦੇ।

ਅਜੇ ਪੰਦਰਾਂ ਵੀਹ ਦਿਨ ਪਹਿਲਾਂ ਦੀ ਹੀ ਤਾਂ ਗੱਲ ਸੀ। ਜਦੋਂ ਭਾਈ ਸਾਹਿਬ ਮੈਨੂੰ ਰੇਡਿਓ ਸਟੇਸ਼ਨ ਜਲੰਧਰ ਦੇ ਪ੍ਰੋਗਰਾਮ ਲਈ ਨਾਲ ਲੈ ਗਏ। ਸਵੇਰ ਦਾ ਸ਼ਬਦ ਪੜ੍ਹਨ ਉਪਰੰਤ ਅਸੀਂ ਉਨ੍ਹਾਂ ਦੀ ਭੈਣ ਦੇ ਘਰ ਗਏ, ਪ੍ਰਸ਼ਾਦਾ ਛਕਿਆ। ਇਸ ਪਿਛੋਂ ਉਨ੍ਹਾਂ ਨੂੰ ਅਧਰੰਗ ਦਾ ਅਟੈਕ ਹੋਇਆ। ਅਸੀਂ ਸਾਰੇ ਘਬਰਾ ਗਏ। ਭਾਈ ਸਾਹਿਬ ਜੀ ਨੂੰ ਤੁਰੰਤ ਦਵਾਈ ਦਿੱਤੀ ਤੇ ਉਹ ਸਹੀ ਹਾਲਤ ਵਿੱਚ ਆ ਗਏ।

ਢਾਈ ਵਜੇ Live Radio Programme ਸੀ। ਉਥੇ ਜਾ ਕੇ ਉਨ੍ਹਾਂ ਨੇ



ਰੇਡਿਓ ਅਧਿਕਾਰੀਆਂ ਨੂੰ ਕਿਹਾ, "ਮੇਰੀ ਤਬੀਅਤ ਠੀਕ ਨਹੀਂ, ਇਸ ਲਈ ਇਸ ਪ੍ਰੋਗਰਾਮ ਤੋਂ ਬਾਅਦ ਮੇਰੇ ਰਾਤ ਦੇ ਪ੍ਰੋਗਰਾਮ ਦੀ ਰਿਕਾਰਡਿੰਗ ਹੁਣੇ ਹੀ ਕਰ ਲਈ ਜਾਵੇ।" ਉਨ੍ਹਾਂ ਇਹ ਗੱਲ ਮੰਨ ਲਈ। ਇਸ ਰੇਡਿਓ ਪ੍ਰੋਗਰਾਮ ਵਿੱਚ ਭਾਈ ਸਾਹਿਬ ਨੇ ਇਹ ਸ਼ਬਦ ਪੜ੍ਹਿਆ **'ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥ ਰਖ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ।'** ਕਿਸੇ ਨੂੰ ਕੀ ਪਤਾ ਸੀ ਭਾਈ ਸਾਹਿਬ ਜੀ ਦਾ ਆਪਣੀ ਜ਼ਿੰਦਗੀ ਦਾ ਇਹ ਵਿਦਾਇਗੀ ਸ਼ਬਦ ਸੀ।

ਰਾਤ ਘਰ ਪਹੁੰਚਣ ਤੋਂ ਦੋ ਦਿਨ ਬਾਅਦ ਉਨ੍ਹਾਂ ਨੂੰ ਫਿਰ ਅਧਰੰਗ ਦਾ ਅਟੈਕ ਹੋਇਆ। ਉਨ੍ਹਾਂ ਦੀਆਂ ਬੱਚੀਆਂ ਨੂੰ ਸੱਦ ਲਿਆ ਗਿਆ ਤੇ ਹਰਭਜਨ ਵੀਰ ਨੂੰ ਅਮਰੀਕਾ ਟੈਲੀਫੋਨ ਕਰ ਦਿੱਤਾ ਗਿਆ। ਉਨ੍ਹਾਂ ਨੂੰ ਸੀ. ਐਮ. ਸੀ. ਹਸਪਤਾਲ (ਲੁਧਿਆਣਾ) ਦਾਖ਼ਲ ਕਰਵਾ ਦਿੱਤਾ ਗਿਆ। ਡਾਕਟਰਾਂ ਨੇ ਆਪਣੀ ਪੂਰੀ ਵਾਹ ਲਾਈ, ਪਰ ਭਾਈ ਸਾਹਿਬ ਦੀ ਹਾਲਤ ਦਿਨੋ ਦਿਨ ਵਿਗੜਦੀ ਗਈ। ਭਾਈ ਤੇਜਾ ਸਿੰਘ ਜੀ ਨੇ ਦੱਸਿਆ ਕਿ ਹਸਪਤਾਲ ਪੁੱਜਣ ਤੋਂ ਦੋ ਦਿਨਾਂ ਬਾਅਦ ਭਾਈ ਸਾਹਿਬ ਨੇ ਆਪਣੀ ਇੱਛਾ ਜ਼ਾਹਿਰ ਕੀਤੀ ਕਿ ਮੈਨੂੰ "**ਹਰਿ ਹਰਿ ਨਾਮੁ ਜਪੰਤਿਆ, ਕਛੁ ਨ ਕਹੈ ਜਮਕਾਲੁ॥ ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ॥**" ਦਾ ਸ਼ਬਦ ਗਾ ਕੇ ਸੁਣਾਓ।

ਪਰ ਹਸਪਤਾਲ ਦੀ ਪਾਬੰਦੀ ਹੋਣ ਕਰਕੇ ਭਾਈ ਸਾਹਿਬ ਨੂੰ ਸਾਜ਼ਾਂ ਤੋਂ ਬਿਨਾਂ ਹੀ ਸ਼ਬਦ ਸੁਣਾਉਣ ਲਈ ਰਾਜ਼ੀ ਕਰ ਲਿਆ ਗਿਆ। ਇਸ ਸ਼ਬਦ ਦੀਆਂ ਆਖ਼ਰੀ ਪੰਗਤੀਆਂ ਨੂੰ ਉਹ ਸੁਣਦੇ ਸਾਰ ਹੀ ਉਹ ਖਾਮੋਸ਼ ਹੋ ਗਏ। ਇਹ ਖ਼ਾਮੋਸ਼ੀ ਸਦਾ ਦੀ ਖ਼ਾਮੋਸ਼ੀ ਬਣ ਗਈ।

ਮੈਂ ਸੋਚ ਰਿਹਾ ਸਾਂ ਕਿ 1972 ਦਾ ਸਾਲ ਕਾਹਦਾ ਚੜ੍ਹਿਆ ਜਿਹੜਾ ਚੜ੍ਹਦਿਆਂ ਹੀ ਭਾਈ ਸਾਹਿਬ ਨੂੰ ਸਾਡੇ ਕੋਲੋਂ ਖੋਹ ਕੇ ਲੈ ਗਿਆ। ਇਹ ਯਾਦਾਂ ਦੁਹਰਾਉਂਦਿਆਂ ਹੀ ਅਗਲੀ ਸਵੇਰ ਹੋ ਗਈ। ਸਸਕਾਰ ਦੀਆਂ ਤਿਆਰੀਆਂ ਆਰੰਭੀਆਂ ਗਈਆਂ। ਭਾਈ ਸਾਹਿਬ ਦੀ ਇੱਛਾ ਅਨੁਸਾਰ ਨਿਰੰਤਰ ਕੀਰਤਨ

ਆਰੰਭ ਹੋ ਗਿਆ। ਪੰਜਾਬ ਭਰ ਦੇ ਰਾਗੀ ਸਿੰਘਾਂ ਨੇ ਕੀਰਤਨ ਦੀਆਂ ਝੜੀਆਂ ਲਾ ਦਿੱਤੀਆਂ। ਅਣਗਿਣਤ ਸੰਗਤਾਂ, ਸਿੰਘ ਸਭਾਵਾਂ, ਸੰਤ ਸੰਪ੍ਰਦਾਵਾਂ ਦੇ ਪ੍ਰਤੀਨਿਧਾਂ, ਨਿਕਟਵਰਤੀ ਤੇ ਸੰਬੰਧੀ ਭਾਈ ਸਾਹਿਬ ਦੀ ਮ੍ਰਿਤਕ ਦੇਹ ਤੇ ਫੁੱਲ ਚੜ੍ਹਾਉਂਦੇ ਤੇ ਅਰਦਾਸ ਕਰਕੇ ਅੱਗੇ ਤੁਰੀ ਜਾਂਦੇ। **ਮੈਨੂੰ ਤਾਂ ਭਾਈ ਸਾਹਿਬ ਇੱਕ ਸੱਚੇ ਸੁੱਚੇ ਸੰਤ ਪ੍ਰਤੀਤ ਹੋ ਰਹੇ ਸਨ। ਜਿਨ੍ਹਾਂ ਦੇ ਚਰਨੀਂ ਹੱਥ ਲਾਉਣ ਸਮੇਂ ਇਹੀ ਮੂੰਹੋਂ ਨਿਕਲਿਆ "ਵਾਹ! ਭਾਈ ਸਾਹਿਬ, ਆਪਾਂ ਦਾ ਬੱਸ ਇੰਨਾ ਹੀ ਸੰਬੰਧ ਸੀ।"**

5 ਜਨਵਰੀ ਤੋਂ 16 ਜਨਵਰੀ ਭੋਗ ਪੈਣ ਤੱਕ ਹਰ ਰੋਜ਼ ਘਰ ਵਿੱਚ ਉਹਨਾਂ ਦੇ ਗਾਏ ਸ਼ਬਦ ਹੀ ਰਿਕਾਰਡ ਰਾਹੀਂ ਗੂੰਜਦੇ ਰਹੇ। ਉਨ੍ਹਾਂ ਨੂੰ ਤਾਂ ਕੀਰਤਨ ਨਾਲ ਅੰਤਾਂ ਦਾ ਪਿਆਰ ਸੀ। ਉਹ ਆਪ ਕਈ ਵਾਰ ਕਹਿੰਦੇ ਸਨ, "ਕੀਰਤਨ ਮੇਰਾ ਆਧਾਰ ਹੈ, ਕੀਰਤਨ ਨਾਲ ਮੇਰੀ ਜਨਮ ਮਰਨ ਦੀ ਸਾਂਝ ਹੈ। ਬੱਸ ਮੇਰੀ ਇੱਕੋ ਹੀ ਰੀਝ ਹੈ ਕਿ ਮੇਰੇ ਮਰਨ ਉਪਰੰਤ ਦਿਨ ਰਾਤ ਘਰ ਵਿੱਚ ਕੀਰਤਨ ਹੀ ਹੋਵੇ।" ਸੋ ਅਜਿਹਾ ਹੀ ਹੋਇਆ।

16 ਜਨਵਰੀ ਨੂੰ ਭੋਗ ਪਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਘਰ ਦੇ ਬਾਹਰ ਸਾਹਮਣੇ ਪਾਰਕ ਵਿੱਚ ਖੁੱਲ੍ਹਾ ਪੰਡਾਲ ਸਜਿਆ। ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਂਜਲੀ ਦੇਣ ਲਈ ਸੰਗਤਾਂ ਦੂਰੋਂ ਨੇੜਿਓਂ ਪੁੱਜੀਆਂ, ਜਿਨ੍ਹਾਂ ਵਿੱਚ ਪੰਥ ਦੇ ਲੀਡਰ, ਸਿਆਸੀ ਤੇ ਸਮਾਜਿਕ ਆਗੂ, ਸਿੰਘ ਸਭਾਵਾਂ ਤੇ ਸੰਤ ਸੰਪਰਦਾਵਾਂ ਦੇ ਪ੍ਰਤੀਨਿਧ, ਰਾਗੀ, ਸੰਗੀਤਕਾਰ, ਸਕੂਲਾਂ, ਕਾਲਜਾਂ ਦੇ ਪ੍ਰਿੰਸੀਪਲ, ਮਿਊਜ਼ਿਕ ਡਾਇਰੈਕਟਰ ਆਦਿ ਆਪਣੀਆਂ ਆਪਣੀਆਂ ਸ਼ਰਧਾਂਜਲੀਆਂ ਦੇਣ ਲਈ ਪੁੱਜੇ। ਇਨ੍ਹਾਂ ਨੇ ਭੋਗ ਤੋਂ ਬਾਅਦ ਵੀਰ ਹਰਿਭਜਨ ਸਿੰਘ ਨੂੰ ਸਿਰੋਪਾਉ ਦਸਤਾਰਾਂ ਭੇਂਟ ਕੀਤੀਆਂ ਗਈਆਂ।

ਸਮੂਹ ਰਾਗੀ ਸਿੰਘਾਂ ਨੇ ਕੀਰਤਨ ਰਾਹੀਂ ਆਪਣੀ ਹਾਜ਼ਰੀ ਲਗਵਾਈ। ਭਾਈ ਸਾਹਿਬ ਦੇ ਸਪੁੱਤਰ ਤੇ ਸਪੁੱਤਰੀਆਂ ਨੇ ਪ੍ਰਵਾਰਿਕ ਰੂਪ ਵਿੱਚ **"ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥"** (ਭਾਈ ਸਾਹਿਬ ਜੀ ਦੀ ਗਾਈ



ਬੰਦਸ਼) ਵਿੱਚ ਹੀ ਬੜਾ ਵੈਰਾਗਮਈ ਸ਼ਬਦ ਪੜ੍ਹਿਆ। ਅੰਤ ਵਿੱਚ ਪ੍ਰਿੰਸੀਪਲ ਰਾਮਗੜ੍ਹੀਆ ਕਾਲਜ ਦੇ ਸ: ਹਰਸ਼ਰਨ ਸਿੰਘ ਜੀ (ਭਾਈ ਸਾਹਿਬ ਦੇ ਰਿਸ਼ਤੇਦਾਰ) ਨੇ ਸਟੇਜ਼ ਤੋਂ ਕਿਹਾ, "ਹੁਣ ਭਾਈ ਸਾਹਿਬ ਦਾ ਅੰਤਿਮ ਵੇਲੇ ਦਾ ਸ਼ਾਗਿਰਦ ਪਰਮਜੋਤ ਸਿੰਘ ਹਾਜ਼ਰੀ ਭਰੇਗਾ।" ਮੈਂ ਉਨ੍ਹਾਂ ਤੋਂ ਸਿੱਖੀ ਹੋਈ ਬੰਦਿਸ਼ ਵਿੱਚ ਸ਼ਬਦ ਗਾਇਨ ਕੀਤਾ **'ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥'**

'ਮੈਂ ਅਨੁਭਵ ਕਰਦਾ ਹਾਂ ਕਿ ਮੈਂ ਅੱਜ ਜੋ ਵੀ ਪ੍ਰਾਪਤ ਕਰ ਸਕਿਆ ਹਾਂ, ਭਾਈ ਸਾਹਿਬ ਜੀ ਦੀਆਂ ਅਸੀਸਾਂ ਸਦਕਾ ਹੀ ਹੈ। ਮੈਂ ਹੀ ਨਹੀਂ ਜਿਨ੍ਹਾਂ ਜਿਨ੍ਹਾਂ ਨੇ ਵੀ ਉਨ੍ਹਾਂ ਨੂੰ ਸੁਣਿਆ, ਮਾਣਿਆ ਤੇ ਉਨ੍ਹਾਂ ਨਾਲ ਜੀਵਨ ਜੀਵਿਆ ਉਨ੍ਹਾਂ ਨੂੰ ਉਹ ਸਦਾ ਹੀ ਆਪਣੇ ਨਾਲ ਭਾਸਦੇ ਹਨ, ਕਿਉਂਕਿ ਉਨ੍ਹਾਂ ਦੀ ਸਰੋਦੀ ਆਵਾਜ਼ ਆਡੀਓ ਕੈਸਟਾਂ ਦੇ ਰੂਪ ਵਿੱਚੋਂ ਹੀ ਉਨ੍ਹਾਂ ਦੇ ਕੰਨਾਂ ਵਿੱਚ ਗੂੰਜਦੀ ਹੈ ਤੇ ਉਨ੍ਹਾਂ ਦੇ ਨੇੜੇ ਹੋਣ ਦਾ ਆਭਾਸ ਕਰਵਾਉਂਦੀ ਹੈ।

## ਭਾਈ ਸਾਹਿਬ ਸੰਬੰਧੀ

### ਵੱਖ-ਵੱਖ ਵਿਚਾਰ-ਅਨੁਭਵ

"ਭਾਈ ਸਾਹਿਬ ਦੀ ਮੌਤ ਕੀ ਖ਼ਬਰ ਸੁਨ ਕਰ ਮੁਝੇ ਬੜਾ ਹੀ ਦੁਖ ਹੂਆ ਹੈ ਔਰ ਅਬ ਭੀ ਇਸ ਮਜ਼ਮੂਨ ਪਰ ਮੇਰਾ ਸਾਂਸ ਰੁਕਤਾ ਹੈ। **ਏਕ ਐਸਾ ਫ਼ਨਕਾਰ ਦੁਨੀਆਏ ਫ਼ਾਨੀ ਸੇ ਕੂਚ ਕਰ ਗਿਆ ਹੈ ਜਿਸਕਾ ਜਵਾਬ ਨਹੀਂ।** ਨਾ ਇਸ ਸੇ ਪਹਿਲੇ, ਯਾਨੀ ਬਾਬਾ ਨਾਨਕ ਕੇ ਬਾਅਦ, ਅਬ ਤੱਕ ਕੋਈ ਰਾਗੀ ਪੈਦਾ ਹੂਆ ਔਰ ਨਾ ਆਇੰਦਾ ਉਮੀਦ ਨਜ਼ਰ ਆਤੀ ਹੈ। ਮੈਂ ਯੇ ਕਹੂੰਗਾ ਕਿ ਸ਼ਾਇਦ ਹੀ ਕੋਈ ਸ਼ਖ਼ਸ ਉਨਕੇ ਸੁਰ, ਔਰ ਫਨ ਸੇ ਵਾਕਿਫ ਹੋ, ਨਿਹਾਇਤ ਹੀ ਸ਼ੁੱਧ ਸੁਰ ਔਰ ਫਨ ਕਾ ਏਕ ਐਸਾ ਫਨਕਾਰ ਸਿਖੋਂ ਮੇਂ ਪੈਦਾ ਹੂਆ। ਮੈਨੇ ਬੜੇ ਬੜੇ ਹਜ਼ਰਾਤ ਕੋ ਸੁਨਾ, ਫਨਕਾਰੋਂ ਕੋ ਸੁਨਾ ਲੇਕਿਨ ਸੁਰ ਮਜ਼ਮੂਨ ਔਰ ਫੰਨ ਐਸਾ ਕਿਸੀ ਨੇ ਪੇਸ਼ ਨਹੀਂ ਕੀਆ ਜੈਸਾ ਭਾਈ ਸਮੁੰਦ ਸਿੰਘ ਜੀ ਪੇਸ਼ ਕਰਤੇ ਥੇ".....

**ਪਾਕਿਸਤਾਨ ਤੋਂ ਇੱਕ ਮੁਸਲਮਾਨ ਸਰੋਤੇ ਦੀ ਸ਼ਰਧਾਂਜਲੀ:-**

ਐਮ.ਜ਼ਹੀਰ,ਜ਼ਹੀਰ ਸਨਜ਼, 34,
ਮਾਲ ਰੋਡ, ਲਾਹੌਰ।

"I happened to know him since many years and as a matter of fact it was he who performed my Anand Karaj Ceremony. He was one of the most outstanding ragi, we ever had in Punjab."

**ਡਾ: ਗੁਰਦਿਆਲ ਸਿੰਘ ਢਿਲੋਂ**

ਸਾਬਕਾ ਸਪੀਕਰ



"I knew him and loved him for all he did for the Sikhs and Indian music."

**ਸ੍ਰ: ਖ਼ੁਸ਼ਵੰਤ ਸਿੰਘ**

ਸੰਪਾਦਕ llustrated Weekly

(17 Jan 1972)

"ਸੁਰ-ਗਿਆਨ ਵਿੱਚ ਭਾਈ ਸਾਹਿਬ ਜੀ ਦੇ ਤੁਲ ਸਾਰੇ ਹਿੰਦੁਸਤਾਨ ਵਿੱਚ ਕੋਈ ਨਹੀਂ ਸੀ। ਜਦ ਉਹ ਕੀਰਤਨ ਕਰਦੇ ਸਨ ਤਾਂ ਸਤਿਗੁਰੂ ਸਾਕਾਰ ਦਿਖਾਈ ਦਿੰਦੇ ਸਨ।"

**ਪ੍ਰਿੰਸੀਪਲ ਸਤਿਬੀਰ ਸਿੰਘ**

"ਭਾਈ ਸਾਹਿਬ ਇਤਨੇ ਚੰਗੇ ਸਨ, ਇਤਨੇ ਮਿੱਠ-ਬੋਲੜੇ ਸਨ, ਇਤਨੇ ਰੱਸ ਭਿੰਨੜੇ ਸਨ, ਇਤਨੀ ਖਿੱਚ ਵਾਲੇ ਸਨ ਕਿ ਉਨ੍ਹਾਂ ਦਾ ਵਿਛੋੜਾ ਬਹੁਤ ਦੁਖਦਾਈ ਹੈ।"

**ਸ੍ਰ: ਪ੍ਰਕਾਸ਼ ਸਿੰਘ**

ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ,

ਖਾਲਸਾ ਕਾਲਜ ਅੰਮ੍ਰਿਤਸਰ

"ਭਾਈ ਸਾਹਿਬ ਰਾਗ ਵਿਦਿਆ ਵਿੱਚ ਨਿਪੁੰਨ ਸਨ ਅਤੇ ਗੁਰੂ ਮਹਾਰਾਜ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰਾਗਾਂ ਅਨੁਸਾਰ ਕੀਰਤਨ ਕਰਨ ਦੇ ਮਾਹਿਰ ਸਨ।"

**ਸ੍ਰ: ਬਿਸ਼ਨ ਸਿੰਘ ਸਮੁੰਦਰੀ**

ਸਾਬਕਾ ਵਾਇਸ ਚਾਂਸਲਰ, ਗੁਰੂ ਨਾਨਕ ਯੂਨੀਵਰਸਿਟੀ

"ਭਾਈ ਸਾਹਿਬ ਜਦੋਂ ਮਸਤੀ ਵਿੱਚ ਆ ਕੇ ਕੀਰਤਨ ਕਰਦੇ ਸਨ ਤਾਂ ਉਹਨਾਂ ਦੇ ਆਪਣੇ ਹੀ ਹੰਝੂ ਚਲਦੇ ਸਨ ਅਤੇ ਸਰੋਤਿਆਂ ਦੇ ਨੇਤਰ ਵੀ ਪ੍ਰੇਮ ਵਿੱਚ ਭਿੱਜ ਜਾਂਦੇ ਸਨ।"

**ਸ੍ਰ: ਇੰਦਰਜੀਤ ਸਿੰਘ**

ਪੰਜਾਬ ਐਂਡ ਸਿੰਧ ਬੈਂਕ, ਸਾਬਕਾ ਚੇਅਰਮੈਨ

"ਭਾਈ ਸਮੁੰਦ ਸਿੰਘ ਸੁਰ ਦਾ ਬਾਦਸ਼ਾਹ ਸੀ। ਅਸੀਂ ਉਸਨੂੰ 'ਬਹਿਰੇ ਮੌਸੀਕੀ' ਕਹਿ ਸਕਦੇ ਹਾਂ। ਉਹ ਮੇਰੇ ਬਾਲ ਸਖਾਈ ਮਿੱਤਰ ਵੀ ਸਨ।"

**ਸ੍ਰੀ ਦਲੀਪ ਚੰਦਰ ਬੇਦੀ, ਪ੍ਰਸਿੱਧ ਸੰਗੀਤਕਾਰ**

"ਭਾਈ ਸਮੁੰਦ ਸਿੰਘ ਜੀ ਆਪਣੇ ਨਾਮ ਦੇ ਅਨੁਰੂਪ ਗੁਣਾਂ ਦੇ ਸਾਗਰ ਵਾਂਗ ਸਨ। ਸੁਰਾਂ ਦੀ ਸ਼ੁੱਧਤਾ, ਗੁਰਬਾਣੀ ਦਾ ਸ਼ੁੱਧ ਉਚਾਰਣ, ਗਲੇ ਦੀ ਤਿਆਰੀ ਤੇ ਲੈਯਕਾਰੀ ਦਾ ਚਮਤਕਾਰ ਸੁਣ ਕੇ ਮੇਰੇ ਮਨ ਤੇ ਐਸਾ ਅਸਰ ਹੋਇਆ ਕਿ ਜਿਥੇ ਉਹਨਾਂ ਦਾ ਕੀਰਤਨ ਪ੍ਰੋਗਰਾਮ ਹੁੰਦਾ, ਉਥੇ ਪਹੁੰਚ ਜਾਂਦਾ। ਉਹਨਾਂ ਨੇ ਆਪਣੀ ਗਾਇਕੀ ਵਿੱਚ ਰਬਾਬੀ ਅੰਗ, ਗਲੇ ਦੀ ਸਫ਼ਾਈ ਤੇ ਆਵਾਜ਼ ਦੀ ਮਿਠਾਸ ਦੇ ਸੁਮੇਲ ਨਾਲ ਇੱਕ ਐਸਾ ਰਸ ਭਰਿਆ ਤੇ ਨਵਾਂ ਢੰਗ ਸਿਰਜਿਆ।"

**ਸ੍ਰੀ ਜੀ. ਐਸ. ਸਰਦਾਰ**

ਪ੍ਰਿੰਸੀਪਲ, ਸੰਗੀਤ ਮਹਾਂ ਵਿਦਿਆਲਾ, ਦਿੱਲੀ

"ਭਾਈ ਸਮੁੰਦ ਸਿੰਘ ਜੀ ਕੋਲ ਸ਼ਾਸਤ੍ਰੀ ਸੰਗੀਤ ਦਾ ਅਥਾਹ ਖ਼ਜਾਨਾ ਸੀ। ਰਿਆਜ਼ ਕਰਨ ਨਾਲ ਉਹਨਾਂ ਆਪਣੇ ਗਲੇ ਵਿੱਚ ਇੱਕ ਅਜਿਹੀ ਮੁਰਕੀ ਪੈਦਾ ਕਰ ਲਈ ਸੀ ਕਿ ਉਹ ਔਖੀਆਂ ਔਖੀਆਂ ਸੰਗੀਤ ਦੀਆਂ ਬਰੀਕੀਆਂ ਅਸਾਨ ਕਰ ਲੈਂਦੇ ਸਨ।"

**ਐਸ. ਮਹਿੰਦਰ**

ਸ਼੍ਰੋਮਣੀ ਪੰਜਾਬੀ ਸੰਗੀਤ ਨਿਰਦੇਸ਼ਕ



**'Sikh Sacred Music'** ਨਾਮੀ ਪੁਸਤਕ ਵਿੱਚ ਭਾਈ ਸਾਹਿਬ ਜੀ ਦੀ ਗਾਇਕੀ ਪੱਖ ਨੂੰ ਇਹਨਾਂ ਸ਼ਬਦਾਂ ਵਿੱਚ ਵਡਿਆਇਆ ਗਿਆ ਹੈ। "Bhai Samund Singh is the most eminent Ragi in the Punjab. His forefathers, were honoured Ragies at Nankana Sahib, for five-generations. He sings in simplified classical mould and balances the emotional effect of the music with the spritiual appeal of the Word by repeating the phrares with subtle variations.

He has a melodious voice of considerable flexibililty. His rendering of Shabads excels in lyrical refinement. He sings in medium tempo, creating the illusion of placed flow of a stream."

Bhai Samund Singh was one of the greatest sikh musicians that I have known. He had thousands of admirers even among the non-sikhs .

I remember when he used to broadcast from Lahore Radio Sation before partition, even the Muslim ladies used to cover their heads while listening to his Kirtan with eyes closed."

**ਸ੍ਰ: ਕਰਤਾਰ ਸਿੰਘ 'ਦੁੱਗਲ'**

ਡਾਇਰੈਕਟਰ, ਨੈਸ਼ਨਲ ਬੁੱਕ ਟਰੱਸਟ



**ਪਰਮਜੋਤ ਸਿੰਘ ਭਾਈ ਸਾਹਿਬ ਨਾਲ ਤਾਨਪੁਰੇ ਤੇ ਸੰਗਤ ਕਰਦੇ ਹੋਏ (ਦਸੰਬਰ 1969)**



## ਅੰਤਿਕਾ

ਅਖੀਰ ਤੇ ਮੇਰਾ ਇਸ ਪੰਥਕ ਹੀਰੇ ਭਾਈ ਸਮੁੰਦ ਸਿੰਘ ਜੀ ਨੂੰ ਬਾਰੰਬਾਰ ਨਮਸਕਾਰ ਕਰਨ ਦਾ ਮਨ ਕਰਦਾ ਹੈ, ਜਿਸਨੇ ਆਪਣੀ ਸਾਰੀ ਜ਼ਿੰਦਗੀ ਗੁਰੂ ਗ੍ਰੰਥ ਤੇ ਪੰਥ ਲਈ ਸਮਰਪਣ ਕੀਤੀ। ਅਸੀਂ ਅਰਦਾਸ ਕਰਦੇ ਹਾਂ, ਕਿ ਅਕਾਲ ਪੁਰਖ ਅਜਿਹੀਆਂ ਸ਼ਖਸੀਅਤਾਂ ਨੂੰ ਸੰਸਾਰ ਵਿੱਚ ਭੇਜਦੇ ਰਿਹਾ ਕਰਨ ਜਿਸ ਨਾਲ ਇਹ ਤੱਪਦੀ ਸ੍ਰਿਸ਼ਟੀ ਠਾਰੋ-ਠਾਰ ਹੋ ਜਾਏ।

ਮੇਰੇ ਪਾਸ ਭਾਈ ਸਾਹਿਬ ਜੀ ਦੀ ਰਿਕਾਰਡਿੰਗ ਪਈ ਹੈ, ਭਾਵੇਂ ਉਸ ਸਮੇਂ ਬਹੁਤੀ ਮਸ਼ੀਨਰੀ ਤਕਨੀਕੀ ਤੌਰ ਤੇ ਅਡਵਾਂਸ ਨਹੀਂ ਸੀ ਫਿਰ ਵੀ ਮੈਂ ਜੋ ਆਪਣੀ ਜ਼ਿੰਦਗੀ ਵਿੱਚ ਇੱਕਠੀ ਕਰਦਾ ਰਿਹਾ ਹਾਂ, ਉਸ ਦੀਆਂ ਸੀਡੀਜ਼ ਤਿਆਰ ਕਰਦਾ ਰਹਿੰਦਾ ਹਾਂ ਜਿਸ ਕਿਸੇ ਕੀਰਤਨ ਪ੍ਰੇਮੀ ਨੂੰ ਚਾਹੀਦੀਆਂ ਹੋਣ ਉਹ ਮੇਰੇ ਪਾਸੋਂ ਪ੍ਰਾਪਤ ਕਰ ਸਕਦਾ ਹੈ। ਪੁਸਤਕ ਲਿਖਣ ਵਿੱਚ ਬੇਅੰਤ ਭੁੱਲਾਂ ਹੋ ਗਈਆਂ ਹੋਣਗੀਆਂ, ਦਾਸ ਭੁਲਣਹਾਰ ਹੈ, ਸੰਗਤਾਂ ਬਖਸ਼ਣਹਾਰ ਹਨ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

# ਜੋਦੜੀ

ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ (ਖੰਨੇ ਵਾਲਿਆਂ) ਵਲੋਂ ਅਸੀਸ ਪ੍ਰਾਪਤ ਸੁਕ੍ਰਿਤ ਟਰੱਸਟ ਨੌਜਵਾਨਾਂ ਨੂੰ ਕਰੀਅਰ ਸੇਧ ਅਤੇ ਰੁਜ਼ਗਾਰ ਮੁਹੱਈਆ ਕਰਵਾਉਣ ਹਿੱਤ ਯਤਨਸ਼ੀਲ ਹੈ।

ਸੁਕ੍ਰਿਤ ਕੇਵਲ ਧਾਰਮਿਕ ਸੰਸਥਾ ਜਾਂ ਲਹਿਰ ਨਹੀਂ। ਇਹ ਤਾਂ (ਸੁ+ਕਿਰਤ) ਭਾਵ ਚੰਗੀ ਕਿਰਤ ਕਰਨ ਦੇ ਸੁਭਾਅ ਨੂੰ ਪ੍ਰਫੁੱਲਿਤ ਕਰਨ ਦਾ ਉਪਰਾਲਾ ਹੈ। ਸਾਡਾ ਯਤਨ ਹੈ ਕਿ ਨੌਜਵਾਨ ਬੱਚੇ/ਬੱਚੀਆਂ ਚੰਗੀ ਵਿੱਦਿਆ ਤੇ ਗੁਣ ਹਾਸਲ ਕਰਕੇ ਉੱਚ ਅਹੁਦਿਆਂ ਤੇ ਪੁੱਜਣ, ਚੰਗੇ ਤੇ ਸੱਚੇ-ਸੁੱਚੇ ਵਾਪਾਰੀ-ਅਫਸਰ ਤੇ ਕਿਰਤੀ ਬਣਨ। ਦੁਨੀਆਂ ਭਰ ਵਿੱਚ ਉਹਨਾਂ ਦਾ ਕੋਈ ਸਾਨੀ ਨਾ ਹੋਵੇ। ਇਸੇ ਲਈ ਸਾਡਾ ਮਾਟੋ ਹੈ "ਅਧਿਆਤਮਕ, ਵਿਦਿਅਕ ਤੇ ਵਾਪਾਰਕ ਸਰਵਸਰੇਸ਼ਠਤਾ। (Spiritual, Academic & Professional Excellence) ਅਧਿਆਤਮਕ ਪੁਨਰ ਜਾਗ੍ਰਿਤੀ ਦਹਾਕਾ (2008-2018) (Decade of Spiritual Renaissance) ਤਹਿਤ ਸਹਿਜ ਪਾਠ ਮੁਹਿੰਮ ਤੇ 8 ਮੁਕਾਬਲਿਆਂ ਦੇ ਨਾਲ-ਨਾਲ 5 ਮੁੱਖ ਕਾਰਜ ਕੀਤੇ ਜਾ ਰਹੇ ਹਨ - ਕਰੀਅਰ ਸੇਧ, ਕੋਚਿੰਗ, ਕਿੱਤਾ ਮੁਖੀ ਸਿਖਲਾਈ, ਸੈਲਫ ਹੈਲਪ ਪ੍ਰਾਜੈਕਟ ਤੇ ਰੁਜ਼ਗਾਰ ਸੇਵਾਵਾਂ।

ਸੁਕ੍ਰਿਤ ਵੱਲੋਂ ਪ੍ਰਕਾਸ਼ਿਤ ਲਿਟਰੇਚਰ ਅਤੇ ਹੋਰ ਸਾਮਾਨ ਖਰੀਦ ਕੇ ਆਪ ਲੋੜਵੰਦ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਸਹਾਈ ਹੋ ਰਹੇ ਹੋ। ਕਿਰਪਾ ਕਰਕੇ ਆਪਣੇ ਕੀਮਤੀ ਸੁਝਾਅ ਦੇ ਕੇ ਸਹਾਈ ਹੋਣਾ ਜੀਓ।

**ਰੇਣੁਕਾ ਸਰਬਜੀਤ ਸਿੰਘ**
ਸਹਿਯੋਗੀ ਪ੍ਰੋਫੈਸਰ (ਪੱਤਰਕਾਰੀ)
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
singh.renukass@gmail.com, 098146-12004